# ਅੱਖਰਾਂ ਦੇ ਸਿਰਨਾਵੇਂ

# ਲੇਖਕ ਦਾ ਜੀਵਨ ਬਿਓਰਾ

| | |
|---|---|
| ਜਨਮ – | 8 ਜਨਵਰੀ 1982 |
| ਮੁੱਢਲੀ ਸਿੱਖਿਆ – | ਸਰਕਾਰੀ ਪ੍ਰਾਇਮਰੀ ਸਕੂਲ, ਹਸਨਪੁਰ (ਪਹਿਲੀ ਤੋਂ ਪੰਜਵੀਂ) |
| ਸਕੂਲ – | ਜਵਾਹਰ ਨਵੋਦਿਆ ਵਿਦਿਆਲਿਆ, ਲੌਂਗੋਵਾਲ (ਛੇਵੀਂ ਤੋਂ ਬਾਰਵੀਂ) |
| ਕਾਲਜ – | ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ, ਫਤਿਹਗੜ੍ਹ ਸਾਹਿਬ<br>Mechanical Engineering - 2004 |
| ਯੂਨੀਵਰਸਿਟੀ – | ਸੈਂਟਰਲ ਕੁਈਨਜ਼ਲੈਂਡ ਯੂਨੀਵਰਸਿਟੀ, ਰੌਕਹੈਂਪਟਨ – ਆਸਟ੍ਰੇਲੀਆ<br>Master of Infomation Systems-2006 |
| Current - | Working as Quality Assurance coordinator. |

# ਅੱਖਰਾਂ ਦੇ ਸਿਰਨਾਵੇਂ

(ਕਾਵਿ-ਸੰਗ੍ਰਹਿ)

**ਅਮਨ ਭੰਗੂ**

ਵਿਸ਼ਵਭਾਰਤੀ ਪ੍ਰਕਾਸ਼ਨ ਬਰਨਾਲਾ

**Akhran De Sirnave**

by

**Aman Bhangoo**

*B Tech (Mechanical), M I S (Australia)*

**Postal Address :**

**Australia**
3, Scenic Crescent
Springfield-4300
QLD, Australia

**India**
H.No. A-175, W.No. 1,
Janta Nagar, Opp Markfed,
Dhuri, Distt- Sangrur,
Punjab-148024, India

**Contact :** +61 433 906 206 (M), +61 737 119 357 (H)

**Email :** amanbhangoo123@gmail.com
amanbhangoo123@yahoo.co.in

**Cover Page Design :** Loveleen Kaur Bhangoo

© Aman Bhangoo

ਪਹਿਲੀ ਵਾਰ : 2010

**ਪ੍ਰਕਾਸ਼ਕ :** **ਵਿਸ਼ਵਭਾਰਤੀ ਪ੍ਰਕਾਸ਼ਨ**

E-mail : anu_bnl@yahoo.com

www.thepunjabi.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** 100/-, **$5**

*© 2010 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਿਤ

ਹਰ ਉਸ ਇਨਸਾਨ ਨੂੰ ਜੋ ਚੰਗਾ ਸਮਾਜ
ਸਿਰਜਣ ਦੀ ਕਲਪਨਾ ਕਰਦਾ ਹੈ

# ਪਾਠਕਾਂ ਦੇ ਨਾਂ

ਦੋਸਤੋ,

ਲਫ਼ਜਾਂ ਨੂੰ ਤੋੜ ਮਰੋੜ ਕੇ ਜੋੜਨਾ ਹੀ ਕੱਲਾ ਕਵਿਤਾ ਹੋਣ ਦਾ ਪ੍ਰਭਾਵ ਨਹੀਂ ਛੱਡਦਾ। ਸਮਾਜਿਕ ਚੰਗਿਆਈਆਂ, ਕੁਰੀਤੀਆਂ, ਗਤੀਵਿਧੀਆਂ ਜਾਂ ਸਾਂਝਾਂ ਨੂੰ ਦਰਸਾਉਣਾ ਇੱਕ ਕਵਿਤਾ ਦਾ ਮਕਸਦ ਹੋ ਨਿੱਬੜਦਾ ਹੈ।ਪਿਆਰ ਦਾ ਰੂਪ ਹੈ ਕਵਿਤਾ, ਕਿਸੇ ਦੀ ਭੁੱਖ ਮਿਟਾਉਣ ਦਾ ਨਾਮ ਹੈ ਕਵਿਤਾ, ਕਿਸੇ ਦੇ ਜਜ਼ਬਿਆਂ ਨੂੰ ਖੰਭ ਲਾਉਣ ਦਾ ਨਾਮ ਹੈ ਕਵਿਤਾ। ਮੇਰੀ ਪੂਰੀ ਕੋਸ਼ਿਸ਼ ਰਹੀ ਹੈ ਕੇ ਮੈਂ ਸਮਾਜਿਕ ਤੱਥਾਂ ਬਾਰੇ ਗੱਲ ਕਰਾਂ ਕਿਉਂਕਿ ਇੱਕ ਕਵੀ ਦੀ ਆਵਾਜ਼ ਉਹਦੀ ਆਪਣੀ ਆਵਾਜ਼ ਨਹੀਂ ਸਗੋਂ ਆਵਾਮ ਦੀ ਆਵਾਜ਼ ਹੁੰਦੀ ਹੈ। ਮੇਰੀ ਕੀਤੀ ਕੋਈ ਨਿੱਕੀ ਜਿਹੀ ਗੱਲ ਸ਼ਾਇਦ ਕਿਸੇ ਦੀ ਜਿੰਦਗੀ 'ਚ ਕੋਈ ਮਾਇਨਾ ਰੱਖਦੀ ਹੋਵੇ ਜਾਂ ਹੋ ਸਕਦਾ ਕਿਸੇ ਦੀ ਜਿੰਦਗੀ 'ਚ ਕੋਈ ਮਹੱਤਵਭੂਰਣ ਭੂਮਿਕਾ ਨਿਭਾਅ ਸਕੇ। ਦੋਸਤੋ, ਕਲਮ ਦਾ ਮਕਸਦ ਕੱਲੇ ਵਰਕੇ ਕਾਲੇ ਕਰਨਾ ਜਾਂ ਮੁੱਠੀ ਭਰ ਵਰਕਿਆਂ ਨੂੰ ਕਿਤਾਬ ਦਾ ਰੂਪ ਦੇ ਕੇ ਕਿਸੇ ਪਿੰਡ ਦੀ ਲਾਇਬਰੇਰੀ ਵਿੱਚ ਸੁਸ਼ੋਭਿਤ ਹੋਣਾ ਨਹੀਂ ਹੁੰਦਾ ਸਗੋਂ ਅੱਜ ਦਾ ਸਾਹਿਤ ਅੱਖਰਾਂ ਵਿੱਚ ਪਰੋ ਕੇ ਕੱਲ੍ਹ ਲਈ ਇਤਿਹਾਸ ਸਿਰਜਣਾ ਹੁੰਦਾ ਹੈ। ਕਵਿਤਾ ਜਿੱਥੇ ਸਮਾਜਕ-ਸਾਂਝ ਦੀ ਗੱਲ ਕਰਦੀ ਹੈ ਉੱਥੇ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਦਾ ਸੁਨੇਹਾ ਵੀ ਦਿੰਦੀ ਹੈ। ਸੋ ਦੋਸਤੋ ਆਉ ਅਸੀਂ ਸਾਰੇ ਇੱਕਠੇ ਹੋ ਕੇ ਇੱਕ ਸੱਚੇ ਸੁੱਚੇ ਤੇ ਤੰਦਰੁਸਤ ਸਮਾਜ ਸਿਰਜਣ ਦੀ ਕਾਮਨਾ ਕਰੀਏ। ਇਹ ਕਿਤਾਬ ਮੈਂ ਤੁਹਾਡੇ ਲਈ ਲਿਖੀ ਹੈ ਤੇ ਮੈਂ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਸਰਲ ਭਾਸ਼ਾ ਦਾ ਪ੍ਰਯੋਗ ਕੀਤਾ ਜਾਵੇ। ਉਮੀਦ ਕਰਦਾ ਹਾਂ ਕਿ ਤੁਸੀਂ ਮੇਰੀ ਇਸ ਕੋਸ਼ਿਸ਼ ਨੂੰ ਪ੍ਰਵਾਨ ਕਰੋਗੇ ਤੇ ਮੇਰੇ ਸ਼ਬਦਾਂ ਨੂੰ ਆਪਣੀ ਸੋਚ ਦੇ ਸਾਂਚੇ ਵਿੱਚ ਜ਼ਰੂਰ ਢਾਲ਼ੋਗੇ ਤੇ ਇਸ ਕਿਤਾਬ ਨੂੰ ਪੂਰਾ ਪੂਰਾ ਪਿਆਰ ਬਖ਼ਸ਼ੋਗੇ। ਆਖੀਰ ਵਿੱਚ ਮੈਂ ਹਰ ਉਸ ਸਖ਼ਸ਼ੀਅਤ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿੰਨਾ ਕਰਕੇ ਇਸ ਕਿਤਾਬ ਨੂੰ ਪੂਰਾ ਕਰਨ ਵਿੱਚ ਮੈਨੂੰ ਸਫਲਤਾ ਮਿਲੀ ਹੈ। ਮੈਂ ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਮ ਨਾ ਲਿਖ ਕੇ ਸਾਰਿਆਂ ਵੱਲੋਂ ਮਿਲੇ ਪਿਆਰ ਸਤਿਕਾਰ ਲਈ ਸਭ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਕਰਦਾ ਹਾਂ।

**ਲਿਖ ਲਿਖ ਕੀਤੇ ਵਰਕੇ ਕਾਲੇ ਅਕਲ ਜਰਾ ਨਾ ਲਾਈ**
**ਇਹ ਉਸ ਮਾਲਿਕ ਦੀ ਵਡਿਆਈ ਹੱਥ ਫੜਕੇ ਕਲਮ ਚਲਾਈ**
**ਮੈਥੋਂ ਕਮਲਾ ਮੈਥੋਂ ਕੋਝਾ ਮੈਨੂੰ ਨਜ਼ਰ ਨਾ ਆਇਆ**
**ਬੱਸ ਉਸ ਮਾਲਿਕ ਬਖ਼ਸ਼ ਲਿਆ ਜੋ ਨੀਵਾਂ ਰਾਹ ਵਿਖਾਇਆ**
**ਕਈ ਵਾਰੀ ਜਦ ਲਗਦਾ ਮੈਥੋਂ ਮੈਂ ਹੁੰਦੀ ਹੈ ਭਾਰੀ**
**ਕੁਦਰਤ ਦੀ ਉਹ ਰੂਹ ਦੇਖੀ ਮੈਂ ਬਰਕਤ ਖੋਂਹਦੀ ਸਾਰੀ**
**ਹੱਥ ਜੋੜ ਕੇ ਕਰ ਅਰਦਾਸਾਂ ਬਖ਼ਸ਼ ਲੈ ਔਗੁਣ ਸਾਰੇ**
**ਮੁੜਕੇ ਵੇਲਾ ਹੱਥ ਨਹੀਂ ਆਉਣਾ ਜਦ ਖੋ ਗਏ ਲਾਲ ਪਿਆਰੇ**

ਤੁਹਾਡਾ ਆਪਣਾ



**ਅਮਨ ਭੰਗੂ**

# ਸਮਾਜਿਕ ਸਰੋਕਾਰਾਂ ਦੇ ਸਿਰਨਾਵੇਂ

*ਸਦਭਾਵਨਾ ਦੇ ਸੁਕੋਮਲ-ਸੁਰਾਂ ਦੀ ਆਵਾਜ਼ ਦੇ ਅਰਥਾਂ ਨੂੰ ਕਵਿਤਾ ਕਿਹਾ ਜਾ ਸਕਦਾ ਹੈ। ਆਂਤਰਿਕਤਾ ਰਹਿਤ ਆਵਾਜ਼ ਜ਼ਿੰਦਗੀ ਦੇ ਮੂਲ ਤੱਤਾਂ ਨੂੰ ਅਣਡਿੱਠ ਕਰਦੀ ਹੋਈ ਕੇਵਲ ਤੇ ਕੇਵਲ ਰੌਲਾ ਜਿਹਾ ਬਣਕੇ ਅਪਣੇ ਆਪ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ। ਭਾਵਨਾ ਨੂੰ ਸ਼ਬਦ ਦੀ ਆਂਤਰਿਕਤਾ ਕਿਹਾ ਜਾ ਸਕਦਾ ਹੈ। ਸੋ ਭਾਵਨਾਸ਼ੀਲ-ਪ੍ਰਕ੍ਰਿਤੀ ਵਿੱਚੋਂ ਕਵਿਤਾ ਦਾ ਜਨਮ ਹੁੰਦਾ ਹੈ। ਅੱਜਕੱਲ੍ਹ ਦੇ ਸੁਆਰਥੀ ਸਿਲਸਿਲਿਆਂ ਕਾਰਨ ਭਾਵਨਾਹੀਨ-ਪ੍ਰਕ੍ਰਿਤੀ ਵਿੱਚ ਵਾਧਾ ਹੋ ਰਿਹਾ ਹੈ। ਇੰਝ ਇਸ ਸਥਿਤੀ ਦਾ ਮੁਲਾਂਕਣ ਕਰਦਿਆਂ 'ਅਮਨ ਭੰਗੂ' ਨੇ ਆਪਣੇ ਅਹਿਸਾਸ ਨੂੰ ਸਮਾਜਿਕ-ਹਿਤ ਵਾਲੇ ਪ੍ਰਯੋਜਨ ਵਜੋਂ ਪ੍ਰਸਤੁਤ ਕਰਨ ਦੀ ਕੋਸ਼ਿਸ਼ ਕੀਤੀ ਹੈ।*

*'ਅਮਨ ਭੰਗੂ' ਦੀ ਕਾਵਿ-ਰਚਨਾ 'ਅੱਖਰਾਂ ਦੇ ਸਿਰਨਾਵੇਂ' ਕਈ ਕਿਸਮਾਂ ਦੀਆਂ ਤਲਖ਼ੀਆਂ ਦੀ ਤਾਸੀਰ ਨੂੰ ਬੜੇ ਠਰੰਮੇ ਨਾਲ ਬਿਆਨ ਕਰਦੀ ਹੋਈ ਸਿੱਖਿਆਦਾਇਕ ਸਤਰਾਂ ਦੀ ਸਿਰਜਣਾ ਕਰ ਰਹੀ ਹੈ। 'ਭੰਗੂ' ਦੀ ਭਾਵ-ਧਾਰਾ ਵਿੱਚ ਤੜਪ ਹੈ। ਉਹ ਆਪਣੇ ਆਪੇ ਦੀ ਤੜਪ ਨੂੰ ਹੀ ਤਸਦੀਕ ਬਣਾਕੇ ਕਵਿਤਾ ਕਹਿ ਰਿਹਾ ਜਾਪਦਾ ਹੈ। ਇਸ ਗੁਣ ਨੂੰ ਅਸੀਂ ਉਸਦਾ ਲੋਕ-ਪੱਖੀ ਤੇ ਮਾਨਵਵਾਦੀ ਮਾਨਸਿਕ ਪ੍ਰਯੋਜਨ ਆਖ ਸਕਦੇ ਹਾਂ। ਇਸ ਦਾ ਮਤਲਬ ਇਹ ਬਣਦਾ ਹੈ ਕਿ 'ਅਮਨ ਭੰਗੂ' ਦੀ ਕਵਿਤਾ ਦਾ ਕਾਵਿ-ਪ੍ਰਯੋਜਨ ਜ਼ਿੰਦਗੀ ਨੂੰ ਸੁਚੱਜ ਵਾਲੇ ਸੰਦੇਸ਼ ਦੀ ਸੁਗਾਤ ਦੀ ਬਖਸ਼ਿਸ਼ ਕਰਨਾ ਹੈ। ਇੰਝ 'ਭੰਗੂ' ਦੀਆਂ ਕਵਿਤਾਵਾਂ ਦੀ ਪ੍ਰਮੁੱਖਤਾ ਉਨ੍ਹਾਂ ਕਵਿਤਾਵਾਂ ਦੇ ਵਸਤੂ ਦੇ ਸੁਧਾਰਵਾਦੀ ਅਲਾਪ ਵਿੱਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ।*

*ਅਮਨ ਭੰਗੂ ਦੀਆਂ ਕਵਿਤਾਵਾਂ ਵਿੱਚ ਸਪੱਸ਼ਟਤਾ ਦੇ ਨਾਲ-ਨਾਲ ਸਹਿਜ-ਸੁਭਾਅ ਵਾਲਾ ਪਿਆਰਾ-ਪਿਆਰਾ ਸੰਬੋਧਨ ਵੀ ਹੈ। 'ਭੰਗੂ' ਨੇ ਅਪਣੇ ਭਾਵਨਾਤਮਿਕ-ਸੰਬੋਧਨ ਨੂੰ ਬੜੀ ਖ਼ੂਬਸੂਰਤੀ ਨਾਲ ਰਾਗਾਤਮਿਕ-ਰੰਗ ਵਿੱਚ ਰੰਗਿਆ ਹੋਇਆ ਹੈ। ਇਸ ਸਿਫ਼ਤ ਕਰਕੇ ਹੀ ਉਸ ਦੀਆਂ ਕਵਿਤਾਵਾਂ ਵਿੱਚ ਕਿਸੇ ਨਾ ਕਿਸੇ ਮੋਹ-ਭਿੱਜੇ ਆਪੇ ਦੀ ਰਵਾਨਗੀ ਨੂੰ ਵੇਖਿਆ ਜਾ ਸਕਦਾ ਹੈ ਪਰ ਕਦੇ-ਕਦੇ ਜਦੋਂ 'ਭੰਗੂ' ਦੇ ਅਹਿਸਾਸ ਸਮਾਜਿਕ, ਸਿਆਸੀ ਅਤੇ ਆਰਥਿਕ ਵਿਤਕਰਿਆਂ ਦੀ ਤੀਖਣਤਾ ਨਾਲ ਜ਼ਖ਼ਮੀ ਹੋ ਬੈਠਦੇ ਹਨ ਤਦ ਉਸ ਦੀ ਕਵਿਤਾ ਬੜੇ ਤੇਜ਼ ਤਰਾਰ ਲਹਿਜ਼ੇ ਨੂੰ ਅਪਣਾਉਣ ਲੱਗ ਪੈਂਦੀ ਹੈ। ਉਸਦੀ 'ਤਿੰਨ ਰੰਗ' ਕਵਿਤਾ ਇਸ ਪ੍ਰਕਾਰ ਦੇ ਯਥਾਰਥ ਦਾ ਸਬੂਤ ਹੈ।*

*ਕਦੇ-ਕਦੇ ਅਮਨ ਭੰਗੂ ਰੋਮਾਂਸਵਾਦੀ ਲਗਾਅ ਵਾਲੀਆਂ ਸਤਰਾਂ ਦੀ ਸਿਰਜਣਾ ਕਰਦਾ ਹੋਇਆ ਹਿਜ਼ਰ ਦੇ ਕਥਾਨਕ ਨੂੰ ਕਲਾਮਈ ਦ੍ਰਿਸ਼ਟੀ ਨਾਲ ਚਿੱਤਰਕੇ, ਪਿਆਰ ਤੇ ਪ੍ਰੀਤ ਦੀ ਮੁਹਾਰਨੀ ਦਾ ਮੋਹ ਬਣ ਜਾਣਾ ਵੀ ਲੋਚਦਾ ਹੈ। ਨਿਰਸੰਦੇਹ ਅਜੇ ਉਹ ਇਸ ਮੋਹ ਦੀ ਮੁਸਕਾਨ ਦੀ ਲੱਭਤ ਲਈ ਆਪਣੇ ਆਪੇ ਦੀ ਸ਼ਿੱਦਤ ਨੂੰ ਸਾਕਾਰ ਨਹੀਂ ਕਰ ਸਕਿਆ। ਇਸ ਕਰਕੇ ਹੀ ਉਹ ਪਾਣੀਆਂ ਦੀ ਹਾਰ ਨੂੰ ਪਿਆਰ ਦੀ ਹਾਰ ਸਮਝ ਬੈਠਾ ਹੈ। ਪਾਣੀ ਦਾ ਵਹਿਣ ਪ੍ਰੀਤ ਦੇ ਸ਼ਾਸਵਤ-ਸੱਚ ਨਾਲ ਜਦੋਂ ਇੱਕ-ਮਿੱਕ ਹੋ ਜਾਂਦਾ ਹੈ ਤਦ ਕਲਾਤਮਿਕਤਾ ਦੇ ਸੌਂਦਰਯ-ਬੋਧ ਦੀ ਮੂਰਤੀ, ਮੂਰਤੀਮਾਨ ਹੁੰਦੀ ਹੈ।*

*'ਭੰਗੂ' ਦੀਆਂ ਸੁਪਨਮਈ ਸੱਧਰਾਂ ਦੀ ਕੁਰਲਾਹਿਟ ਵਿੱਚ ਸਮਝ ਹੈ ਪਰ ਜਦੋਂ*

ਕਦੇ ਉਸਦੀ ਇਹ ਸਮਝ, ਸਵੈ ਦਾ ਰੂਪ ਧਾਰ ਲੈਂਦੀ ਹੈ ਤਦ ਉਹ 'ਮੈਂ ਤੇ ਮੈਂ' ਵਰਗੇ ਸ਼ਕਤੀਸ਼ਾਲੀ ਦਿਸ਼ਾ-ਬੋਧ ਨੂੰ ਵੀ ਅਪਣਾਉਣ ਲੱਗ ਪੈਂਦਾ ਹੈ। ਇਸ ਪ੍ਰਕਾਰ ਦੇ ਦਿਸ਼ਾ-ਬੋਧ ਨੂੰ ਜਦੋਂ ਉਹ ਉਪਦੇਸ਼ਾਤਮਿਕ ਅਤੇ ਸੁਧਾਰਵਾਦੀ ਪਾਠ ਵਾਂਗ ਪੇਸ਼ ਕਰਦਾ ਹੈ ਤਦ ਉਸ ਦੀ ਕਾਵਿ-ਸਿਰਜਣਾ ਸਮਝੌਤੇਵਾਦੀ ਮਾਹੌਲ ਦੇ ਅਧੀਨ ਹੋ ਬੈਠਦੀ ਹੈ। 'ਭੰਗੂ' ਲਈ ਭਲਾ ਤਾਂ ਇਸ ਵਿੱਚ ਹੀ ਹੈ ਕਿ ਉਹ 'ਮੈਂ ਤੇ ਮੈਂ' ਵਰਗੇ ਸ਼ਕਤੀਸ਼ਾਲੀ ਜਜ਼ਬਿਆਂ ਦੀ ਨੁਹਾਰ ਨੂੰ ਨਿਖਾਰਦਾ ਰਹੇ।

'ਭੰਗੂ' ਜਦੋਂ ਪਿਆਰ ਦੀਆਂ ਅਣਕਹੀਆਂ ਬਾਤਾਂ ਨੂੰ ਸਾਹਿਬ-ਸਲਾਮ ਦੀ ਦਹਿਲੀਜ਼ ਤੇ ਖੜ੍ਹਾ ਕੇ ਪ੍ਰਹੇਜ਼ ਦੀ ਕਹਾਣੀ ਕਹਿੰਦਾ ਹੈ ਤਦ ਇੰਝ ਜਾਪਦਾ ਹੈ ਜਿਵੇਂ ਉਹ ਕਿਸੇ ਦਵੰਦ ਨੂੰ ਜਿੱਤਣ ਦੀ ਕੋਸ਼ਿਸ਼ ਕਰ ਰਿਹਾ ਹੈ ਇਸ ਕੋਸ਼ਿਸ਼ ਦੇ ਕਰਾਮਾਤੀ ਅੰਦਾਜ਼ ਨੂੰ ਉਸਦੀ ਕਵਿਤਾ 'ਯਾਰ' ਵਿੱਚੋਂ ਸਹਿਜੇ ਹੀ ਲੱਭਿਆ ਜਾ ਸਕਦਾ ਹੈ। ਇਸ ਦਾ ਮਤਲਬ ਇਹ ਬਣਦਾ ਹੈ ਕਿ 'ਅਮਨ ਭੰਗੂ' ਕੋਲ ਕਵਿਤਾ ਹੈ ਤੇ ਉਸ ਦੇ ਕਾਵਿ-ਸੰਸਾਰ ਨੇ ਜ਼ਿੰਦਗੀ ਦਾ ਨਗ਼ਮਾ ਬਣ ਜਾਣਾ ਹੈ। 'ਭੰਗੂ' ਦਾ ਸਿਰ-ਖ਼ੁਦ ਵਿਸ਼ਵਾਸ ਵੀ ਤਾਂ ਇਹ ਹੀ ਆਖਦਾ ਹੈ ਕਿ ਕਦੇ ਨਾ ਕਦੇ ਭਟਕਦੇ ਹੋਏ ਪੈਰਾਂ ਦੀ, ਮੰਜ਼ਿਲ ਆਪ ਤਲਾਸ਼ ਕਰੇਗੀ।

'ਭੰਗੂ' ਦੇ ਜਜ਼ਬਾਤ ਜਦੋਂ ਸ਼ਿੱਦਤ ਦੇ ਅਗੰਮੀ ਅਰਥਾਂ ਨੂੰ ਆਪਣੇ ਜਜ਼ਬਾਤੀ ਆਪੇ ਦਾ ਅੰਗ ਬਣਾ ਕੇ 'ਇਸ਼ਕ' ਵਰਗੀ ਕਵਿਤਾ ਕਰਦੇ ਹਨ ਤਦ ਨਿਰਣਾ ਇਹ ਆਖਦਾ ਹੈ ਕਿ 'ਅਮਨ ਭੰਗੂ' ਸੋਹਣੀ ਕਾਵਿ-ਸਿਰਜਣਾ ਵੱਲ ਵਧਦਾ ਰਹੇਗਾ 'ਭੰਗੂ' ਸਮਾਜਿਕ-ਵਿਤਕਰਿਆਂ ਨੂੰ ਸੰਵੇਦਨਸ਼ੀਲਤਾ ਨਾਲ ਪ੍ਰਸਤੁਤ ਕਰਨ ਵੱਲ ਵੀ ਵਧ ਰਿਹਾ ਹੈ। ਇਸ ਪ੍ਰਕਾਰ ਦੀਆਂ ਧਾਰਨਾਵਾਂ ਨੂੰ ਉਸਨੇ ਆਪਣੀ ਕਵਿਤਾ 'ਅਮੀਰ' ਵਿੱਚ ਭਲੀ ਪ੍ਰਕਾਰ ਚਿੱਤਰਿਆ ਹੈ।

'ਭੰਗੂ' ਦੀ ਕਾਵਿਕ-ਸੁਹਿਰਦਤਾ ਸਮਾਜਿਕ ਅਤੇ ਸਾਂਸਕ੍ਰਿਤਿਕ-ਚੇਤਨਾ ਨੂੰ ਅਪਣਾਉਣ ਲਈ ਬਚਨਬੱਧ ਜਾਪਦੀ ਹੈ। ਇੰਝ ਹੁਣ ਅੰਤ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ 'ਅਮਨ ਭੰਗੂ' ਦੀ ਪਲੇਠੀ ਕਾਵਿ-ਪੁਸਤਕ 'ਅੱਖਰਾਂ ਦੇ ਸਿਰਨਾਵੇਂ' ਸਮਾਜਿਕ ਸਰੋਕਾਰਾਂ ਦੀ ਮੁਹਾਰਨੀ ਦੀ ਮੋਹ-ਭਿੱਜੀ ਪੈਂਤੀ ਹੈ ਤੇ 'ਭੰਗੂ' ਆਪਣੇ ਆਪ ਦੀ ਪੈਂਤੀ ਨੂੰ ਵੱਖਰੇ-ਵੱਖਰੇ ਅੱਖਰਾਂ ਦੀ ਸ਼ਕਲ ਨਾਲ ਹੁਨਰਮੰਦ ਬਣਾਉਣ ਲਈ ਪ੍ਰਯਤਨਸ਼ੀਲ-ਪ੍ਰਾਪਤੀ ਵਜੋਂ ਅੱਗੇ ਆ ਰਿਹਾ ਹੈ।

ਮੇਰੇ ਵੱਲੋਂ ਉਸ ਨੂੰ ਮੁਬਾਰਕਾਂ ਕਿਉਂਕਿ ਹੁਣ ਉਹ ਪੰਜਾਬੀ-ਕਾਵਿ ਸੰਸਾਰ ਦੀ ਸੂਚੀ ਦਾ ਇੱਕ ਸੋਹਣਾ ਜਿਹਾ ਸ਼ਬਦ ਬਣਕੇ ਰਹੇਗਾ।

**- ਓਮ ਪ੍ਰਕਾਸ਼ ਗਾਸੋ**

# ਤਤਕਰਾ


| | |
|---|---|
| ਸਾਜਿਸ਼ | 11 |
| ਤਮੰਨਾ | 12 |
| ਕੌਮ ਦੇ ਹੀਰੇ | 13 |
| ਮਿੱਟੀ | 14 |
| ਅੱਖਰਾਂ ਦੇ ਸਿਰਨਾਵੇਂ | 15 |
| ਰਿਸ਼ਤੇ | 16 |
| ਦੀਵਾ | 17 |
| ਸੱਚ | 19 |
| ਤੀਰ ਤੁੱਕਾ | 20 |
| ਕੀ ਖੱਟਿਆ | 21 |
| ਚੁਗਲੀ | 22 |
| ਸ਼ਿਵ ਨੂੰ ਯਾਦ ਕਰਦਿਆਂ | 23 |
| ਅਲਵਿਦਾ | 25 |
| ਨਜ਼ਾਰਾ | 26 |
| ਤਲਾਸ਼ | 27 |
| ਤਿੰਨ ਰੰਗ | 29 |
| ਕਹਿਣੀ ਤੇ ਕਰਨੀ | 31 |
| ਕਰਜ਼ਾ | 32 |
| ਉਦਾਸ | 33 |
| ਪੰਜਾਬ | 34 |
| ਪਿਆਰ | 35 |
| ਹੱਡ-ਬੀਤੀ | 36 |
| ਰਾਂਝਾ | 38 |
| ਔਰਤ | 39 |
| ਗ਼ਮ | 40 |
| ਅੰਦੋਲਨ | 41 |
| ਯਾਦ | 43 |
| ਦੂਰੀ | 44 |
| ਕਲਮ | 45 |
| ਯਾਰਾਂ ਦਾ ਪਿਆਰ | 47 |
| ਦਿੱਲੀ ਤੇ ਲਾਹੌਰ | 48 |
| ਜਵਾਨੀ | 49 |
| ਗਮਖ਼ਾਰ | 50 |
| ਯੋਗ | 51 |

ਉਡੀਕ 52
ਹੰਝੂ 53
ਅਰਥੀ 54
ਗੁਫ਼ਤਗੂ 55
ਪੰਜਾਬੀ 56
ਸੋਚ 57
ਕੱਚੇ ਸੁਪਨੇ 58
ਹਲਚਲ 60
ਗਰੂਰ 61
ਲੋਅ ਦੀਵੇ ਦੀ 62
ਗਰਜ 64
ਕਿਰਤ 65
ਜਚ ਕੇ 67
ਭਗਤ ਵੀਰ 68
ਤਨਹਾਈਆਂ 69
ਰੁੱਸ ਨਾਂ ਜਾਈਏ 70
ਅੱਜ ਦੀ ਗੱਲ 71
ਸੁਨੇਹਾ 72
ਯਾਰ 73
ਹੋਰ ਬਣ ਗਿਆ 74
ਕੁੜੀਉ 75
ਸੱਜਣਾ 77
ਗਿਲਾ 78
ਮੇਰੀ ਜਾਨ 79
ਪਰਾਈ 80
ਇਸ਼ਕ 81
ਗੁੜ੍ਹਤੀ 82
ਇਸ਼ਕ ਦੇ ਪੱਟੇ 83
ਅਮੀਰ 84
ਸਾਦਗੀ 86
ਜ਼ਮਾਨਾ 87
ਭੁੱਖ 88
ਪਿਉ ਪੁੱਤਰ 90
ਮੈਂ ਤੇ ਮੈਂ 91
ਸੁਪਨੇ 92
ਬੋਲੀਆਂ 93
ਕੁੱਝ ਮੇਰੇ ਬਾਰੇ 96

# ਸਾਜਿਸ਼

ਮੈਂ ਆਖਾਂ ਵਾਸਤੇ ਪਾ ਕੇ ਹੈ ਸਾਜਿਸ਼ ਕਰ ਰਿਹਾ ਕੋਈ
ਮੇਰੇ ਆਪਣੇ ਹੀ ਲੋਕਾਂ ਦੇ ਜਿਵੇਂ ਕੰਨ ਭਰ ਰਿਹਾ ਕੋਈ
ਕੋਈ ਰੋਕੋ ਕੋਈ ਟੋਕੋ ਇਹੀ ਅਰਦਾਸ ਕਰਦਾ ਹਾਂ
ਚਿੜੀ ਦੇ ਆਲ੍ਹਣੇ ਉੱਤੇ ਜਿਵੇਂ ਸੱਪ ਧਰ ਰਿਹਾ ਕੋਈ
ਇਹ ਖੂਨੀ ਜਾਂ ਦਰਿੰਦਾ ਹੈ ਜਾਂ ਰੂਹ ਸ਼ੈਤਾਨ ਦੀ ਕੋਈ
ਹੈ ਹਰ ਇਨਸਾਨ ਦੀ ਰੂਹ ਤੇ ਤਸ਼ੱਦਦ ਕਰ ਰਿਹਾ ਕੋਈ
ਹੈ ਭੈੜੀ ਨਜ਼ਰ ਦਾ ਸਾਇਆ ਬਲਾ ਚਿੰਬੜੀ ਬੁਰੀ ਜੀਕਣ
ਕਿਵੇਂ ਇੱਕ ਜਿੰਦਗੀ ਨੂੰ ਜਿਉਣ ਲਈ ਹੈ ਲੜ ਰਿਹਾ ਕੋਈ
ਜੋ ਕੋਈ ਵੀ ਹੈ ਚਾਹੁੰਦਾ ਪਰ ਕਿ ਆਪਾਂ ਲੜ ਲੜ ਮਰ ਜਾਈਏ
ਕਿ ਭਾਈਆਂ ਦੀ ਬਣੀ ਨੂੰ ਦੇਖਕੇ ਨਹੀਂ ਜਰ ਰਿਹਾ ਕੋਈ
ਕਿਸੇ ਨੂੰ ਫਿਕਰ ਰੋਟੀ ਦਾ ਸੁਬਾਹ ਜਾਂ ਸ਼ਾਮ ਦਾ ਰਹਿੰਦਾ
ਤੇ ਪਸ਼ੂਆਂ ਦੇ ਖੁਆਜੇ ਨੂੰ ਅੰਨ੍ਹੇਵਾਹ ਚਰ ਰਿਹਾ ਕੋਈ
ਖੌਰੇ ਇਨਸਾਫ਼ ਕੀ ਹੁੰਦਾ ਇਹ ਔਖਾ ਭੇਤ ਹੈ ਪਾਉਣਾ
ਕਿਸੇ ਦੀ ਕੀਤੀ ਦਾ ਦੇਖੋ ਜੀ ਮੁੱਲ ਹੈ ਭਰ ਰਿਹਾ ਕੋਈ
ਕਿਸੇ ਲਈ ਪੱਟੀ ਜਾਵਣ ਜੋ ਉਹ ਦੱਬੇ ਜਾਣ ਨਾਂ ਕਿਧਰੇ
ਕਿ ਦੇਖੋ ਸੱਚ ਝੂਠੇ ਦਾ ਹੈ ਨੰਗਾ ਕਰ ਰਿਹਾ ਕੋਈ
ਬਹੁਤੇ ਤਾਂ ਚਾਪਲੂਸੀ ਨੇ ਹੀ ਲੋਕੀਂ ਖੋਖਲੇ ਕੀਤੇ
ਕਿ ਪਾਣੀ ਉੱਤੇ ਵਾਲੇ ਦਾ ਹੈ ਥੱਲੇ ਭਰ ਰਿਹਾ ਕੋਈ
ਭੈੜਾ ਇਹ ਦਰਦ ਦਾ ਅਹਿਸਾਸ ਕਲੇਜੇ ਪੀੜ ਹੈ ਗੁੱਝੀ
ਜਿਵੇਂ ਜਿੱਤੀ ਹੋਈ ਬਾਜ਼ੀ ਨੂੰ ਹੈ ਆਖਿਰ ਹਰ ਰਿਹਾ ਕੋਈ
'ਭੰਗੂ' ਇੱਕ ਵਾਰ ਮਿਲਦੀ ਹੈ ਇੱਜ਼ਤ ਨੂੰ ਰੁਲਣ ਨਾਂ ਦੇਣਾ
ਪੱਗਾਂ ਨੂੰ ਹੱਥ ਪਾਉਣੇ ਦੀ ਹੈ ਕੋਸ਼ਿਸ਼ ਕਰ ਰਿਹਾ ਕੋਈ

# ਤਮੰਨਾ

ਰੱਬਾ ਆਸ਼ਕਾਂ ਦਾ ਹੋਵੇ ਸੰਸਾਰ ਸਾਰਾ
ਚਾਰੇ ਪਾਸੇ ਇਸ਼ਕ ਦੀ ਬਾਤ ਹੋਵੇ
ਇੱਕ ਵੱਖਰਾ ਹੀ ਹੋਵੇ ਉਹ ਸ਼ਹਿਰ ਯਾਰਾ
ਉੱਥੇ ਦਿਨ ਵੀ ਤੇ ਆਸ਼ਕਾਂ ਦੀ ਰਾਤ ਹੋਵੇ
ਕੋਈ ਪੁੱਛੇ ਨਾ ਇਸ਼ਕ ਦਿਆਂ ਵਾਰਸਾਂ ਨੂੰ
ਇਹਨਾਂ ਆਸ਼ਕਾਂ ਦਾ ਖ਼ੁਦਾ ਗਵਾਹ ਹੋਵੇ
ਹੋਵੇ ਖ਼ੁਦਾ ਵੀ ਨਬੀ ਦੇ ਨਾਲ਼ ਉੱਥੇ
ਕਰਨੀ ਰੱਬ ਦੀ ਕੋਈ ਐਸੀ ਕਰਾਮਾਤ ਹੋਵੇ
ਕੋਈ ਕੱਚੇ ਤੇ ਤਰਕੇ ਝਨਾਂ ਆਵੇ
ਆਵੇ ਮਾਰੂਥਲਾਂ ਨੂੰ ਕੋਈ ਪਾਰ ਕਰਕੇ
ਇੱਕੋ ਖੂਹੀ ਚੋਂ ਪੀਂਦੇ ਹੋਣ ਪਾਣੀ ਸਾਰੇ
ਰੱਬਾ ਇੱਕੋ ਜਿੱਥੇ ਆਸ਼ਕਾਂ ਦੀ ਜਾਤ ਹੋਵੇ
ਹੋਵੇ ਰੋਕ ਨਾਂ ਉੱਥੇ ਕੋਈ ਟੋਕ ਹੋਵੇ
ਹੋਵੇ ਇਸ਼ਕ ਝਨਾਂ 'ਚ ਨਾ ਕਿਨਾਰਾ ਕੋਈ
ਰੰਗਿਆ ਆਲਮ ਉਹ ਮਸਤੀ 'ਚ ਹੋਵੇ ਸਾਰਾ
ਉੱਤੋਂ ਨਿੱਘੀ ਜਿਹੀ ਪੈਂਦੀ ਬਰਸਾਤ ਹੋਵੇ
ਰੁੱਖ ਪੰਛੀ ਤੇ ਨਾਲ਼ੇ ਕੀ ਪੌਣ ਪਾਣੀ
ਗਾਉਂਦੇ ਗੀਤ ਮੁੱਹਬਤਾਂ ਦਾ ਹੋਣ ਸਾਰੇ
ਚੜ੍ਹੇ ਰੰਗ ਮੁੱਹਬਤਾਂ ਦਾ ਹਰ ਪਾਸੇ
ਭਿੱਜੀ ਇਸ਼ਕ 'ਚ ਸਾਰੀ ਕਾਇਨਾਤ ਹੋਵੇ
ਇੱਕੋ ਦਿਲੀ ਤਮੰਨਾ ਹੋਵੇ ਆਸ਼ਕਾਂ ਦੀ
ਮੌਕਾ ਮਿਲੇ ਜੇ ਰੱਬਾ ਪਰਵਾਨ ਕਰਨੀ
ਹੋਵੇ ਯਾਰ ਦੀਆਂ ਜ਼ੁਲਫ਼ਾਂ ਦੇ ਛਾਵੇਂ ਬੈਠਾ
'ਭੰਗੂ' ਮੁੜਕੇ ਨਾ ਫੇਰ ਪ੍ਰਭਾਤ ਹੋਵੇ

# ਕੌਮ ਦੇ ਹੀਰੇ

ਡੀਕਾਂ ਲਾ ਲਾ ਪੀ ਗਏ ਜਿਹੜੇ ਜਾਮ ਸ਼ਹੀਦੀ ਦੇ
ਸਾਰੀ ਜਿੰਦਗੀ ਕਰ ਗਏ ਆਪਣੀ ਨਾਮ ਸ਼ਹੀਦੀ ਦੇ
ਕੌਮਾਂ ਦੇ ਰਖਵਾਲੇ ਯੋਧੇ ਸੂਰਮਿਆਂ ਬਾਰੇ
ਰੱਜ ਰੱਜ ਗੱਲਾਂ ਕਰੀਏ ਮਰਦਾਂ ਪੂਰਨਿਆਂ ਬਾਰੇ
ਠੰਡੇ ਬੁਰਜ ਦੇ ਠਾਰੇ ਸਾੜੇ ਤੱਤੀਆਂ ਤਵੀਆਂ ਦੇ
ਮਰਦ ਅਗੰਮੜੇ ਨਿੱਤਰੇ ਨੇ ਜਾ ਕੇ ਵਿੱਚ ਛਵੀਆਂ ਦੇ
ਕੋਈ ਖਾਸ ਨਿਸ਼ਾਨਾ ਹੁੰਦਾ ਏ ਕੀਤੀਆਂ ਕੁਰਬਾਨੀਆਂ ਦਾ
ਇਹ ਫ਼ਖ਼ਰ ਕੌਮ ਲਈ ਹੁੰਦਾ ਏ ਅਣਭੁੱਲ ਨਿਸ਼ਾਨੀਆਂ ਦਾ
ਸਾਂਭੋ ਵੀਰੋ ਇਹ ਸਾਡੀ ਸੌਗਾਤ ਨਾ ਰੁਲ਼ ਜਾਵੇ
ਇਹ ਨਾ ਹੋਵੇ ਆਉਂਦੇ ਪਲ ਬੀਤਿਆ ਕੱਲ੍ਹ ਭੁੱਲ ਜਾਵੇ
ਮਹਿੰਗੇ ਮੁੱਲ ਮਿਲੀ ਹੈ ਸਾਂਭੋ ਯਾਰ ਆਜ਼ਾਦੀ ਨੂੰ
ਆਪਣੇ ਹੱਥੀਂ ਕਿਉਂ ਰਹੇ ਹੋ ਮਾਰ ਆਜ਼ਾਦੀ ਨੂੰ
ਬਦਲਿਆ ਏ ਪ੍ਰਸ਼ਾਸਨ ਪਰ ਹਾਲਾਤ ਨਹੀਂ ਬਦਲੇ
ਭੁੱਖ ਗਰੀਬੀ ਬਦਲੀ ਨਾਂ ਦਿਨ ਰਾਤ ਨਹੀਂ ਬਦਲੇ
ਆਪਣਿਆਂ ਦੇ ਆਪਣੇ ਵੈਰੀ ਹੋਈ ਜਾਂਦੇ ਨੇ
ਆਜ਼ਾਦੀ ਤਾਂ ਕੀ ਦੇਣੀ ਹੱਕ ਵੀ ਖੋਹੀ ਜਾਂਦੇ ਨੇ
ਚੰਗਾ ਹੁੰਦਾ ਭਗਤ ਹੁਰੀਂ ਜੇ ਫਾਂਸੀ ਨਾ ਚੜ੍ਹਦੇ
ਜੋ ਮੁਲਕੋਂ ਸੀ ਕੱਢੇ ਕਿਉਂ ਅੱਜ ਉਹਨਾਂ ਦੇ ਘਰ ਵੜਦੇ
ਸਾਡੇ ਦੇਸ਼ ਦੀ ਬੇੜੀ ਵੱਟੇ ਆਪਣੇ ਈ ਪਾਉਂਦੇ ਨੇ
ਲੋਕਾਂ ਦਾ ਕੀ ਆਪਣੇ ਘਰ ਨੂੰ ਮਹਿਲ ਬਣਾਉਂਦੇ ਨੇ
ਖਾਂਦੀ ਜਾਂਦੀ ਵਾੜ ਖੇਤ ਨੂੰ ਕੋਈ ਹੀਲਾ ਕਰਨਾ ਪਊ
ਕਰਨਾ ਪੈਣਾ ਧਮਾਕਾ ਜਾਂ ਫਿਰ ਕਾਂਡ ਕੋਈ ਕਰਨਾ ਪਊ
ਜ਼ਬਰ ਜ਼ੁਲਮ ਦੇ ਅੱਗੇ ਅੜੀਏ ਵਾਂਗ ਚੱਟਾਨਾਂ ਦੇ
ਆਪਣੇ ਹੱਕਾਂ ਦੇ ਲਈ ਸੱਟੇ ਲਾਈਏ ਜਾਨਾਂ ਦੇ
ਗੁਰੂਆਂ ਨੇ ਹੈ ਬਖ਼ਸ਼ੀ ਸਾਂਭੀ ਅਣਖ ਸ਼ਹੀਦਾਂ ਨੇ
ਭਾਬੜ ਵਾਂਗ ਮਚਾਈਏ ਜੋ ਲਾਈ ਚਿਣਗ ਸ਼ਹੀਦਾਂ ਨੇ
ਆਜ਼ਾਦੀ ਦੇ ਪਰਵਾਨੇ ਕੀਲੇ ਜਾਣ ਨਾਂ ਅੱਖਰਾਂ ਤੋਂ
'ਭੰਗੂ' ਵਾਰੇ ਵਾਰੇ ਜਾਈਏ ਉਹ ਮਸਤਾਨੇ ਫੱਕਰਾਂ ਤੋਂ

# ਮਿੱਟੀ

ਔਖੇ ਕੰਮਾਂ ਦੇ ਲਈ ਮਿੱਤਰੋ ਹੱਡ ਗਾਲਣੇ ਪੈਂਦੇ ਨੇ
ਮੰਜੇ ਉੱਤੇ ਬਹਿ ਕੇ ਮੁਲਕ ਆਜ਼ਾਦੀ ਨਹੀਂ ਪਾਉਂਦੇ
ਬਹੁਤਾ ਚਿਰ ਤੱਕ ਕਿਸੇ ਦੇ ਸਿਰ ਸਰਦਾਰੀ ਨਹੀਂ ਹੁੰਦੀ
ਅਣਖਾਂ ਦੇ ਰਖਵਾਲੇ ਇੱਜ਼ਤਾਂ ਦਾਅ ਤੇ ਨਹੀਂ ਲਾਉਂਦੇ
ਮਾੜੀ ਸੋਚ ਦੇ ਮਾਲਕ ਮਾੜਾ ਕਰਨੋਂ ਨਹੀਂ ਟਲ਼ਦੇ
ਨੀਤਾਂ ਨਾਲ ਮੁਰਾਦਾਂ ਚੰਗਾ ਰੁਤਬਾ ਨਹੀਂ ਪਾਉਂਦੇ
ਐਸੀ ਗੱਲ ਨਹੀਂ ਸ਼ੇਰ ਕਿਹੜਾ ਗਿੱਦੜਾਂ ਤੋਂ ਡਰਦਾ ਏ
ਬੱਸ ਵਿੱਚ ਮੈਦਾਨੇ ਜੰਗ ਦੇ ਲਹੂ ਵਹਾਉਣਾ ਨਹੀਂ ਚਾਹੁੰਦੇ
ਕਿਧਰੇ ਨਾਂ ਖ਼ਾਮੋਸ਼ਾਂ ਨੂੰ ਕਮਜ਼ੋਰ ਸਮਝ ਲੈਣਾ
ਗਿੱਦੜਾਂ ਵਾਂਗੂੰ ਸ਼ੇਰ ਇਹ ਬਹੁਤਾ ਰੌਲ਼ਾ ਨਹੀਂ ਪਾਉਂਦੇ
ਪਹਿਲਾਂ ਈ ਸਾਡੀ ਧਰਤੀ ਕਿੰਨੀ ਲਾਲੋ ਲਾਲ ਪਈ
ਹੋਰ ਕਿਸੇ ਹੁਣ ਮਾਂ ਦੇ ਪੁੱਤਰ ਖੋਹਣਾ ਨਹੀਂ ਚਾਹੁੰਦੇ
ਦੋ ਗ਼ਜ਼ ਹੈ ਨਹੀਂ ਜੀਹਦੇ ਉੱਤੇ ਅੱਖ ਤੇਰੀ ਮਿੱਤਰਾ
ਮਿੱਟੀ ਸਾਡੀ ਮਾਂ ਏ ਮਾਂ ਦੀਆਂ ਵੰਡੀਆਂ ਨਹੀਂ ਪਾਉਂਦੇ
ਕੁੱਝ ਕੁ ਲੋਕਾਂ ਕਰਕੇ ਤੇਰੀ ਸੋਚ ਵਿਗੜ ਗਈ ਏ
ਉਂਝ ਏਦਾਂ ਭਾਈ ਭਾਈ ਦੇ ਨਾਲ਼ ਜੱਫੇ ਨਹੀਂ ਲਾਉਂਦੇ
ਸੋਚ ਜਰਾ ਤੂੰ ਤੇਰੇ ਮੋਢੇ ਤੇ ਰੱਖ ਚੱਲੀ ਐ
ਗੈਰ ਗਵਾਂਢੋ ਆ ਕੇ ਐਵੇਂ ਛੱਤਾਂ ਨਹੀਂ ਢਾਹੁੰਦੇ
ਕੱਠੇ ਹੁੰਦੇ ਆਪਾਂ ਦੁਨੀਆਂ ਫ਼ਤਿਹ ਬੁਲਾ ਦਿੰਦੇ
ਪਰ ਸੂਝਵਾਨ ਜੇ ਹੁੰਦੇ ਐਨਾ ਫ਼ਰਕ ਕਿਉਂ ਪਾਉਂਦੇ
ਕਿਸੇ ਦੇ ਆਖੇ ਲੱਗ ਕੇ ਆਪਣੇ ਰੋਲ਼ੇ ਪੈਰਾਂ 'ਚ
ਨਾਂ ਲਾਲ ਹੁੰਦਾ ਇਤਿਹਾਸ ਕਿਤੇ ਜੇ ਵੰਡੀਆਂ ਨਾਂ ਪਾਉਂਦੇ
ਮੁੱਠੀ ਭਰ ਉਹ ਚੌਧਰੀਆਂ ਨੇ ਕੀ ਕਰਵਾ ਦਿੱਤਾ
ਜੇ ਅਣਖੀ ਹੁੰਦੇ ਆਪਣੇ ਘਰਾਂ ਨੂੰ ਜਿੰਦਰੇ ਨਾਂ ਲਾਉਂਦੇ
ਪਰ ਕੀ ਕਰ ਸਕਦਾ ਕੋਈ ਜਦ ਸੀ ਕਰਨ ਵਾਲੇ ਤੁਰ ਗਏ
ਜੇ ਹੁੰਦੇ ਕਿਤੇ ਜਿਉਂਦੇ ਤਾਂ ਕਿਉਂ ਨਿਉਂਦੇ ਨਾਂ ਪਾਉਂਦੇ
ਪਰ ਮਿੱਤਰੋ ਇਹ ਰੌਲ਼ਾ ਸਾਰਾ ਚੌਧਰ ਦਾ ਹੁੰਦਾ
ਇਤਿਹਾਸ ਹੋਣਾ ਸੀ ਹੋਰ ਜੇ ਕਿਧਰੇ ਫ਼ਾਂਸੀ ਨਾਂ ਲਾਉਂਦੇ
ਆਪਣੀ ਮਾਂ ਲਈ ਬੜੀ ਵੱਡੀ ਕੁਰਬਾਨੀ ਕੀਤੀ ਐ
'ਭੰਗੂ' ਐਵੇਂ ਲੋਕ ਸ਼ਹੀਦਾਂ ਦੇ ਨਾਂ ਸੋਹਲੇ ਨਹੀਂ ਗਾਉਂਦੇ

# ਅੱਖਰਾਂ ਦੇ ਸਿਰਨਾਵੇਂ

ਇਹ ਅੱਖਰਾਂ ਦੇ ਸਿਰਨਾਵੇਂ ਨੇ ਤੇਰੇ ਤੇ ਮੇਰੇ ਨਾਵੇਂ ਨੇ
ਕੁੱਝ ਹਾਣੀ ਨੇ ਜਜ਼ਬਾਤਾਂ ਦੇ ਕੁੱਝ ਸੋਚਾਂ ਦੇ ਪਰਛਾਵੇਂ ਨੇ

ਜੇ ਮਿੱਠੇ ਨੇ ਤਾਂ ਮੋਹ ਜਾਂਦੇ ਕੌੜੇ ਤਾਂ ਦੰਗੇ ਹੋ ਜਾਂਦੇ
ਸਭ ਕਰਾਮਾਤ ਇਹ ਅੱਖਰਾਂ ਦੀ ਜਦ ਪੁੱਠੇ ਸਿੱਧੇ ਹੋ ਜਾਂਦੇ
ਲਿਸ਼ਕੋਰ ਪਵੇ ਤਕਦੀਰਾਂ ਤੇ ਜੇ ਰੰਕੋਂ ਰਾਜ ਕਰਾ ਜਾਂਦੀ ਐ
ਜਦ ਕਲਮ ਦਾ ਜਾਦੂ ਚਲਦਾ ਏ ਤਾਂ ਤਖ਼ਤ ਤਾਜ ਸਭ ਖੋ ਜਾਂਦੇ
ਗੁਰੂਆਂ ਦੀ ਬਾਣੀ ਦੇ ਵਿੱਚ ਵੀ ਜਿਉਂ ਗੁਰੂਆਂ ਦੇ ਪਰਛਾਵੇਂ ਨੇ
ਇਹ ਅੱਖਰਾਂ ਦੇ ਸਿਰਨਾਵੇਂ ਨੇ......................

ਸਭ ਭੁੱਲੇ ਭਟਕੇ ਰਾਹੀਆਂ ਨੂੰ ਮੰਜਿਲ ਦਾ ਪਤਾ ਦਿਖਾਉਂਦੇ ਨੇ
ਇਹ ਹਿੰਮਤ ਨੇ ਕਮਜੋਰ ਲਈ ਕੋਈ ਵਿੱਚ ਝਨਾਂ ਜਾ ਵੜਦਾ ਏ
ਜੇ ਪਿਆਰ ਜਤਾਉਣਾ ਹੋਵੇ ਤਾਂ ਇਜ਼ਹਾਰ ਨਾਂ ਅੱਖਰਾਂ ਵਰਗਾ ਏ
ਫੁੱਲ ਸੱਧਰਾਂ ਦੇ ਨੇ ਖਿੜ ਜਾਂਦੇ ਜਦ ਰੰਗ ਇਸ਼ਕ ਦਾ ਚੜ੍ਹਦਾ ਏ
ਚਾਹਤ ਤਾਂ ਹਰ ਕੋਈ ਰੱਖਦਾ ਏ ਪਰ ਪਾਉਂਦੇ ਟਾਵੇਂ ਟਾਵੇਂ ਨੇ
ਇਹ ਅੱਖਰਾਂ ਦੇ ਸਿਰਨਾਵੇਂ ਨੇ......................

ਜੇ ਕੌਮ ਮੇਰੀ ਨੇ ਮਾਂ ਬੋਲੀ ਨੂੰ ਆਪਣੇ ਗਲ਼ ਨਾਲ਼ ਲਾਇਆ ਨਾਂ
ਇਹਿਤਾਸ ਗਵਾਹ ਹੈ ਵਿੱਛੜ ਕੇ ਕੋਈ ਮੁੜ ਕੇ ਘਰ ਨੂੰ ਆਇਆ ਨਾਂ
ਬੇਸ਼ੱਕ ਸਭ ਨੂੰ ਹੋੜ ਹੈ ਅੱਜ ਕੱਲ੍ਹ ਹੁੱਬ ਕੇ ਅੱਗੇ ਵਧਣੇ ਦੀ
ਪਰ ਜੜ੍ਹ ਤੋਂ ਟੁੱਟੇ ਬੂਟੇ ਨੇ ਕਦੇ ਫ਼ਲ ਫੁੱਲ ਟਾਹਣੀ ਲਾਇਆ ਨਾਂ
'ਭੰਗੂ' ਇਹ ਹਰਫ ਭੁਲਾਵੇਂ ਨੇ ਖੋਟੇ ਨਹੀਂ ਪਰਖੇ ਸਾਵੇਂ ਨੇ
ਇਹ ਅੱਖਰਾਂ ਦੇ ਸਿਰਨਾਵੇਂ ਨੇ ਤੇਰੇ ਤੇ ਮੇਰੇ ਨਾਵੇਂ ਨੇ
ਕੁੱਝ ਹਾਣੀ ਨੇ ਜਜ਼ਬਾਤਾਂ ਦੇ ਕੁੱਝ ਸੋਚਾਂ ਦੇ ਪਰਛਾਵੇਂ ਨੇ

# ਰਿਸ਼ਤੇ

ਹੋ ਗਏ ਨੇ ਬੜੇ ਬੇਈਮਾਨ ਰਿਸ਼ਤੇ
ਵੇਖਦੇ ਨੇ ਨਫ਼ਾ ਨੁਕਸਾਨ ਰਿਸ਼ਤੇ
ਅਣਖਾਂ ਦੇ ਰਾਖੇ ਸਨ ਇੱਜ਼ਤਾਂ ਤੋਂ ਉੱਤੇ
ਕੌਡੀਆਂ ਦੇ ਭਾਅ ਹੋ ਗਏ ਆਮ ਰਿਸ਼ਤੇ
ਬਿਨਾਂ ਗੱਲੋਂ ਗੱਲ ਨੂੰ ਵਧਾਓਣਾ ਜਾਣਦੇ
ਲੱਗੀਆਂ ਦੇ ਬੋਲ ਨਾ ਪੁਗਾਉਣਾ ਜਾਣਦੇ
ਝੂਠ ਉੱਤੇ ਪਰਦਾ ਨੇ ਪਾਉਣਾ ਜਾਣਦੇ
ਮੁੱਕਰੇ ਨੇ ਮੂੰਹ ਤੇ ਸ਼ਰੇਆਮ ਰਿਸ਼ਤੇ
ਜਾਪਦੇ ਨੇ ਬਣੇ ਜਿਵੇਂ ਕਠਪੁਤਲੀ
ਹੋ ਗਈਆਂ ਬੇਗਾਨਿਆਂ ਦੇ ਹੱਥ ਡੋਰਾਂ ਨੇ
ਨੱਚਦੇ ਨਚਾਉਂਦਾ ਏ ਨਚਾਉਣ ਵਾਲ਼ਾ ਜਿਵੇਂ
ਪੈਸੇ ਹੱਥੋਂ ਹੋ ਗਏ ਨੇ ਗੁਲਾਮ ਰਿਸ਼ਤੇ
ਡੁੱਬਦੇ ਦਾ ਬਣਦਾ ਸਹਾਰਾ ਕੋਈ ਨਾ
ਚੜ੍ਹਦੇ ਨੂੰ ਹੁੰਦੀਆਂ ਸਲਾਮਾਂ ਹੁੱਬ ਕੇ
ਲੋੜ ਵੇਲ਼ੇ ਭੱਜਦੇ ਛੁਡਾ ਕੇ ਲੜ ਨੂੰ
ਲੱਗਦਾ ਜਿਉਂ ਹੋ ਗਏ ਨੇ ਨਾਕਾਮ ਰਿਸ਼ਤੇ
ਜਾਣ ਪਹਿਚਾਣ ਵੀ ਵਧਾਉਣਾ ਚਾਹੁੰਦੇ ਨੇ
ਜਾਣ ਬੁੱਝ ਕਦੇ ਪਹਿਚਾਣਦੇ ਹੀ ਨਹੀਂ
ਗੁੱਝੀਆਂ ਪਹੇਲੀਆਂ 'ਚ ਗੁੰਮ ਹੋ ਗਏ
ਖੁਸ਼ੀਆਂ ਦਾ ਦਿੰਦੇ ਸੀ ਪੈਗਾਮ ਰਿਸ਼ਤੇ
ਮੂੰਹੋਂ ਮਿੱਠੇ ਪਿੱਠ ਪਿੱਛੇ ਕੌੜੇ ਬਣ ਜਾਣ
ਤਾਹੀਂ ਲੋਕੀਂ ਯਾਰੀ ਉੱਤੇ ਕਰਦੇ ਨੇ ਮਾਣ
ਦੋਸਤੀ ਦੇ ਵਾਂਗ ਹੀ ਨਿਭਾਉਣੇ ਪੈਂਦੇ ਨੇ
ਮੰਗਦੇ ਨੇ 'ਭੰਗੂ' ਸਨਮਾਨ ਰਿਸ਼ਤੇ

## ਦੀਵਾ

ਇੱਕ ਚਿੱਤ ਹੋ ਕੇ ਦੀਵਿਆ ਤੂੰ ਮਘਦਾ ਜਾਵੀਂ...
ਘੁੱਪ ਹਨੇਰਾ ਕਹਿਰ ਦਾ ਤੂੰ ਨਾਂ ਘਬਰਾਵੀਂ...
ਰੌਸ਼ਨੀਆਂ ਤੋਂ ਕੌਣ ਹੈ ਡਰਦਾ
ਕੌਣ ਕਿਸੇ ਦਾ ਭਰਦਾ ਪਾਣੀ,
ਜਿੰਨਾਂ ਚਿਰ ਨਾਂ ਹਾਸਿਲ ਹੋਵੇ
ਮੰਜਿਲ ਨੂੰ ਕਮਜ਼ੋਰ ਨਾਂ ਜਾਣੀ,
ਪਾਣੀ ਵੀ ਅੱਗ ਫੜ ਜਾਂਦਾ ਏ
ਜੇਕਰ ਜਜ਼ਬਾ ਡਾਹਢਾ ਹੋਵੇ,
ਐਪਰ ਅੱਗ ਤੇ ਕਾਬੂ ਮਿੱਤਰੋ
ਜੇ ਪਾਉਂਦਾ ਤਾਂ ਪਾਉਂਦਾ ਪਾਣੀ,
ਟੀਸੀ ਉੱਤੇ ਪਹੁੰਚ ਕੇ ਤੂੰ ਜਾ ਲਹਿਰਾਵੀਂ
ਇੱਕ ਚਿੱਤ ਹੋ ਕੇ ਦੀਵਿਆ ਤੂੰ ਮਘਦਾ ਜਾਵੀਂ...
ਮੁਸ਼ਕਿਲ ਜੇਕਰ ਰਾਹ ਨਾ ਹੋਵੇ
ਮੰਜ਼ਿਲ ਦੀ ਪਰਵਾਹ ਨਾ ਹੋਵੇ,
ਪੈਰ ਭਟਕ ਨੇ ਜਾਂਦੇ ਮਿੱਤਰੋ
ਜੇ ਮਿਲਣੇ ਦੀ ਚਾਹ ਨਾ ਹੋਵੇ,
ਪਿਆਰ ਵਿਹੂਣੀ ਜਿੰਦਗੀ ਦੇ ਵਿੱਚ
ਕੀ ਨਫਰਤ ਦਾ ਮਾਇਨਾ ਹੋਣਾ,
ਕੀ ਜਿਓਂਦਾ ਕੀ ਮੋਇਆ ਜੇਕਰ
ਰੂਹਾਂ ਦੇ ਵਿੱਚ ਸਾਹ ਨਾ ਹੋਵੇ,
ਬੜਾ ਜ਼ਮਾਨਾ ਜ਼ਾਲਿਮ ਨਾਂ ਗੱਲ ਦਿਲ ਤੇ ਲਾਵੀਂ
ਇੱਕ ਚਿੱਤ ਹੋ ਕੇ ਦੀਵਿਆ ਤੂੰ ਮਘਦਾ ਜਾਵੀਂ...

ਹੱਕ ਕਿਸੇ ਦਾ ਖੋਹਣ ਨੀ ਦੇਣਾ
ਜ਼ੁਲਮ ਕਿਸੇ ਤੇ ਹੋਣ ਨੀ ਦੇਣਾ,
ਪੀਰ ਪੈਗੰਬਰਾਂ ਦੀ ਧਰਤੀ ਤੇ
ਮਜ਼ਲੂਮਾਂ ਨੂੰ ਰੋਣ ਨੀਂ ਦੇਣਾ,
ਡਾਹਢਾ ਸਫਰ ਹੈ ਇਹ ਰਾਹਾਂ ਦਾ
ਕੀ ਧਰਵਾਸਾ ਹੈ ਸਾਹਾਂ ਦਾ,
ਸੋਚ ਮੇਰੀ ਤੇ ਪਹਿਰਾ ਤੁਹਾਨੂੰ
ਸੌਂਹ ਮੇਰੀ ਹੈ ਦੇਣਾ ਪੈਣਾ,
'ਭੰਗੂ' ਤਪਦੇ ਸੂਰਜ ਨਾਲ ਜਾ ਮੱਥਾ ਲਾਵੀਂ
ਇੱਕ ਚਿੱਤ ਹੋ ਕੇ ਦੀਵਿਆ ਤੂੰ ਮਘਦਾ ਜਾਵੀਂ...
ਘੁੱਪ ਹਨੇਰਾ ਕਹਿਰ ਦਾ ਤੂੰ ਨਾਂ ਘਬਰਾਵੀਂ...

# ਸੱਚ

ਜਿੰਦ ਕੌਮ ਲਈ ਕਰਨ ਕੁਰਬਾਨ ਜਿਹੜੇ
ਜਿਉਂਦੇ ਸਦਾ ਉਹ ਰਹਿਣ ਜਹਾਨ ਉੱਤੇ
ਯਾਰੀ ਲਾ ਕੇ ਜੋ ਪਿੱਠ ਪਿੱਛੇ ਵਾਰ ਕਰਜੇ
ਲ਼ਾਹਨਤ ਹੁੰਦੀ ਹੈ ਐਸੇ ਇਨਸਾਨ ਉੱਤੇ
ਕੱਲਾ ਈ ਗੱਜ ਕੇ ਫ਼ਤਿਹ ਮੈਦਾਨ ਕਰਜੇ
ਕਿੱਸੇ ਬਣਦੇ ਨੇ ਇਹੋ ਜਿਹੀ ਜਾਨ ਉੱਤੇ
ਹੋਵੇ ਦਿਲਾਂ 'ਚ ਨਾਂ ਜਿੰਨਾ ਚਿਰ ਨਹੀਂ ਹੁੰਦਾ
ਲੋਕ ਲੜਦੇ ਸਟੇਜੀ ਸਨਮਾਨ ਉੱਤੇ
ਨਾਲੇ ਪਤਾ ਬਈ ਏਥੇ ਈ ਸਭ ਛੱਡ ਜਾਣਾ
ਲੱਗੇ ਅੰਨ੍ਹੇਵਾਹ ਪੈਸਾ ਫਿਰ ਵੀ ਮਕਾਨ ਉੱਤੇ
ਬਹੁਤੇ ਪੈਸੇ ਨੇ ਲੋਕੀਂ ਬੇਈਮਾਨ ਕਰਤੇ
ਪਹਿਲਾਂ ਹੁੰਦੇ ਸੀ ਰਾਜ ਈਮਾਨ ਉੱਤੇ
ਬਾਪੂ ਐਵੇਂ ਨੀ ਛਾਤੀ ਚੌੜੀ ਕਰ ਤੁਰਦੇ
ਮਾਣ ਹੁੰਦਾ ਐ ਪੁੱਤ ਜੁਆਨ ਉੱਤੇ
ਮਾੜੇ ਬੰਦੇ ਨੂੰ ਐਵੇਂ ਦਬਕਾਈ ਜਾਂਦੇ
ਹਵਾ ਕਰਕੇ ਕੋਈ ਦੇਖੇ ਭਲਵਾਨ ਉੱਤੇ
ਐਵੇਂ ਹਰ ਕੋਈ ਪੰਜਾਬੀ ਨਹੀਂ ਬਣ ਜਾਂਦਾ
ਪੱਕਾ ਉਹ ਜੋ ਰਹੇ ਜੁਬਾਨ ਉੱਤੇ
ਹੁਣ ਵਰਤਣ ਤੋਂ ਪਹਿਲਾਂ ਹੈ ਪਰਖ ਹੁੰਦੀ
ਪਹਿਲਾਂ ਰਿਸ਼ਤੇ ਸੀ ਹੁੰਦੇ ਜੁਬਾਨ ਉੱਤੇ
ਸਾਰੇ ਪਿੰਡ ਦੀ ਦੰਦਾਂ 'ਚ ਜੀਭ ਹੁੰਦੀ
ਰੂਪ ਚੜ੍ਹੇ ਜਦ ਕਿਸੇ ਰਕਾਨ ਉੱਤੇ
ਗੱਭਰੂ ਪਰਖੀਦੇ ਮੈਦਾਨ-ਏ-ਇਸ਼ਕ ਅੰਦਰ
ਸੋਹਣੇ ਐਵੇਂ ਨਹੀਂ ਲਾਉਂਦੇ ਰੂਪ ਸਾਨ੍ਹ ਉੱਤੇ
ਧੀਆਂ ਭੈਣਾਂ ਦੀ ਇੱਜ਼ਤ ਨੂੰ ਜੋ ਦਾਗ਼ ਲਾਵੇ
ਚੰਗਾ ਮਰਦੋਂ ਖ਼ੁਸਰਾ ਆਇਆ ਜਹਾਨ ਉੱਤੇ
ਰਾਖਾ ਇੱਜ਼ਤਾਂ ਦਾ ਹੋਵੇ ਸ਼ਹੀਦ ਜਿਹੜਾ
ਮਾਣ ਕੌਮਾਂ ਨੂੰ ਹੋਵੇ ਉਸ ਮਹਾਨ ਉੱਤੇ
ਹੁੰਦੀ ਯਾਰਾਂ ਦੀ ਯਾਰੀ ਮੋਛਾ ਤੂਤ ਦਾ ਜੋ
ਟੁੱਟਿਆਂ ਟੁੱਟਣ ਨਾਂ ਪੂਰਾ ਜ਼ੋਰ ਲਾਣ ਉੱਤੇ
ਹੱਸ ਖੇਡ ਕੇ ਇੱਜ਼ਤ ਨਾਲ ਦਿਨ ਕੱਟ ਲਉ
'ਭੰਗੂ' ਦੋ ਗ਼ਜ਼ ਕੱਪੜਾ ਨੀ ਮੁੱਕਣਾ ਇਹ ਜਾਨ ਉੱਤੇ

# ਤੀਰ ਤੁੱਕਾ

ਵੱਸ ਜੀਹਦਾ ਚੱਲੇ ਜਿੱਥੇ ਅਗਲਾ ਚਲਾਈ ਜਾਂਦਾ
ਅੰਨ੍ਹੇ ਬੋਲ਼ਿਆਂ ਨੂੰ ਦੇਖੋ ਲੰਗੜਾ ਨਚਾਈ ਜਾਂਦਾ
ਬੋਲਦਾ ਨਹੀਂ ਕੋਈ ਜਿਵੇਂ ਬੁੱਲ ਸੀਤੇ ਹੋਣ ਦੋਵੇਂ
ਪਤਾ ਨਹੀਂ ਕੋਈ ਫੇਰ ਕਿਵੇਂ ਗੱਲਾਂ ਨੂੰ ਵਧਾਈ ਜਾਂਦਾ
ਡੌਲ਼ਿਆਂ 'ਚ ਜਾਨ ਹੈ ਨਹੀਂ ਹੱਥਾਂ 'ਚ ਕਮਾਨ ਹੈ ਨਹੀਂ
ਲੱਗਦੇ ਦੀ ਗੱਲ ਲੱਗੇ ਤੀਰ ਤੁੱਕਾ ਲਾਈ ਜਾਂਦਾ
ਕਿਹੜੀ ਚੀਜ਼ ਵਿਕਦੀ ਨਹੀਂ ਅੱਜ ਦੇ ਜ਼ਮਾਨੇ ਵਿੱਚ
ਪੈਸਾ ਹੋਵੇ ਅਨਪੜ੍ਹ ਲੋਕਾਂ ਨੂੰ ਪੜ੍ਹਾਈ ਜਾਂਦਾ
ਹੋ ਗਿਆ ਮਹੌਲ ਲੱਗੇ ਬੜਾ ਹੀ ਖਰਾਬ ਜਿਵੇਂ
ਢਾਹੁਣਾ ਏ ਪੰਜਾਬ ਫਿਰ ਵਿਉਂਤਾਂ ਕੋਈ ਬਣਾਈ ਜਾਂਦਾ
ਪਤਾ ਨਹੀਂ ਕਿਉਂ ਲੋਕ ਭੋਲ਼ੇ ਗੱਲਾਂ ਵਿੱਚ ਆਈ ਜਾਂਦੇ
ਹਰ ਵਾਰ ਚਤੁਰਾਂ ਦੇ ਹੱਥ ਰੱਸਾ ਆਈ ਜਾਂਦਾ
ਹੋਣੀ ਏ ਫਿਕਰ ਸ਼ਇਦ ਕਿਸੇ ਨੂੰ ਜਹਾਨ ਦੀ ਵੀ
ਆਪਣੀ ਜ਼ਿਮੀਂ ਦੀ ਵੱਟ ਹਰ ਕੋਈ ਵਧਾਈ ਜਾਂਦਾ
ਰੋਕਣਾ ਪੈਣਾ ਏ ਏਸ ਗਿੱਦੜਾਂ ਦੇ ਵੱਗ ਨੂੰ ਵੀ
ਉੱਚੀ ਉੱਚੀ ਰੌਲ਼ਾ ਪਾ ਜੋ ਸਭ ਨੂੰ ਡਰਾਈ ਜਾਂਦਾ
ਕੱਠੇ ਹੋ ਕੇ ਢਾਣੀਆਂ ਬਣਾ ਕੇ ਧਾਵਾ ਬੋਲਣਾ ਏ
ਵੇਖ ਕੇ ਕੱਲੇ ਨੂੰ ਐਵੇਂ ਡੌਲ਼ੇ ਫਰਕਾਈ ਜਾਂਦਾ
ਪੈਸਾ ਪੈਸਾ ਕਰੇ ਬੰਦਾ ਪੈਸੇ ਬਿਨਾਂ ਸਰਦਾ ਵੀ ਨਹੀਂ
ਹਰ ਵੇਲ਼ੇ ਇੱਕੋ ਬੱਸ ਰਾਗ ਬੰਦਾ ਗਾਈ ਜਾਂਦਾ
ਜੋੜੀ ਚੱਲੋ ਜੋੜੀ ਚੱਲੋ ਜੋੜਨੇ ਦੀ ਰੁੱਤ ਵਿੱਚ
ਬਾਪ ਜੋੜੇ ਪੈਸੇ ਮੁੰਡਾ ਖੁੱਲ੍ਹ ਕੇ ਉਡਾਈ ਜਾਂਦਾ
ਉੱਤੇ ਵਾਲੇ ਉੱਤੇ ਥੱਲੇ ਵਾਲੇ ਥੱਲੇ ਰੋਈ ਜਾਂਦੇ
ਕੁਰਸੀ ਦੇ ਪਿੱਛੇ ਬੰਦਾ ਬੰਦੇ ਮਰਵਾਈ ਜਾਂਦਾ
ਕਦੋਂ ਤੱਕ ਕੰਮ ਆਊ ਖ਼ੂਨ ਦੀ ਕਮਾਈ 'ਭੰਗੂ'
ਇੱਕ ਦਿਨ ਵੱਡੇ ਘਰੋਂ ਸੱਦਾ ਫੇਰ ਆ ਹੀ ਜਾਂਦਾ

# ਕੀ ਖੱਟਿਆ

ਕੀ ਖੱਟਿਆ ਮੈਂ ਯਾਰੀ ਲਾ ਕੇ
ਯਾਰਾਂ ਨਾਲ਼ ਮੁਹੱਬਤਾਂ ਪਾ ਕੇ
ਔਖੇ ਵੇਲ਼ੇ ਛੱਡ ਤੁਰੇ ਜੋ
ਪਰਤੇ ਨਾਂ ਇੱਕ ਵਾਰ ਜੋ ਜਾ ਕੇ
ਸਾਂਝ ਦਿਲਾਂ ਦੀ ਝੂਠੀ ਪੈ ਗਈ
ਦਿਲ ਨੂੰ ਕਿੰਝ ਸਮਝਾਇਆ ਜਾਵੇ
ਫ਼ੱਕਰਾਂ ਦੇ ਹੱਥ ਕਾਸੇ ਰਹਿ ਗਏ
ਉਹ ਤਾਂ ਟੁਰ ਗਏ ਭੇਸ ਵਟਾ ਕੇ
ਨੀਲੇ ਨੀਲੇ ਨੈਣ ਸਿਆਹੇ
ਬੋਤਲ ਵਿੱਚ ਕਸ਼ੀਦੇ ਜੀਕਣ
ਅਕਲਾਂ ਦੇ ਵਿੱਚ ਨਸ਼ਾ ਕਰ ਗਏ
ਪੀਤੀ ਧੁਰ ਤੱਕ ਡੀਕਾਂ ਲਾ ਕੇ
ਗੱਲ ਸਮੇਂ ਦੀ ਸਮੇਂ ਨਾਲ਼ ਹੈ
ਹੱਸਦਿਆਂ ਦੇ ਨਾਲ਼ ਹੱਸੇ ਦੁਨੀਆਂ
ਔਖਾ ਬੜਾ ਏ ਲੱਭਣਾ ਯਾਰਾ
ਦਰਦ ਵੰਡਾਵੇ ਜੋ ਚਿੱਤ ਲਾ ਕੇ
ਝੋਰਾ ਲਾ ਕੇ ਬੈਠੇ ਹਾਂ ਹੁਣ
ਪਹਿਲਾਂ ਨਾ ਸਮਝਾਇਆ ਦਿਲ ਨੂੰ
ਦਿਲ ਨੂੰ ਵੀ ਹੈ ਆਦਤ ਮਾੜੀ
ਸਮਝੇ ਚੰਦਰਾ ਚੋਟਾਂ ਖਾ ਕੇ
ਤੂੰ ਤਾਂ ਸੱਜਣਾਂ ਰੁੱਸਿਆ ਲਗਦੈਂ
ਪਿੱਠ ਘੁਮਾ ਕੇ ਜੋ ਬੈਠਾ ਹੈਂ
ਝੁਕ ਜਾਈਏ ਜੇ ਦਰਸ਼ਨ ਦੇ ਦੇਂ
ਮਾਫ਼ੀ ਮੰਗ ਲੈਂਦੇ ਹਾਂ ਆ ਕੇ
ਤੂੰ ਤਾਂ ਹੁਣ ਉੱਚਿਆਂ ਵਿੱਚ ਆਉਨਾ
ਉੱਚੀ ਤੇਰੀ ਸੋਚ ਹੋ ਗਈ
ਅਕਲ ਮੇਰੀ ਤੇ ਪਰਦੇ ਪੈ ਗਏ
ਬੈਠਾਂ ਤੇਰੀ ਆਸ ਲਗਾ ਕੇ
ਮੋੜਿਆਂ ਮੁੜਦਾ ਕੌਣ ਹੈ ਯਾਰਾ
ਹੁਣ ਤਾਂ ਦਿਲ ਸਮਝਾਉਣਾ ਪੈਣਾ
'ਭੰਗੂ' ਮਰਿਆ ਵੀ ਨਹੀਂ ਜਾਂਦਾ
ਸਾਹਾਂ ਦੇ ਵਿੱਚ ਯਾਰ ਵਸਾ ਕੇ

# ਚੁਗਲੀ

ਚੁਗਲੀ ਭਾਵੇਂ ਹਰ ਕੋਈ ਕਰਦਾ ਪਰ ਇਹ ਗੁੱਝੀ ਨਾਂ ਰਹਿੰਦੀ
ਚੁਗਲਪੁਣੇ ਦੀ ਆਦਤ ਮਾੜੀ ਹਰ ਸ਼ੈਅ ਇਹੀਓ ਕਹਿੰਦੀ
ਕੀ ਬੱਚੇ ਕੀ ਬੁੱਢੇ ਯਾਰੋ ਹਰ ਕੋਈ ਕਰਦਾ ਚੁਗਲੀ
ਪਰ ਭੈਣਾਂ ਦੀ ਚੁਗਲੀ ਦੀ ਤਾਂ ਗਰਮ ਬਜ਼ਾਰੀ ਰਹਿੰਦੀ
ਖ਼ਾਸ ਵਜ੍ਹਾ ਹੈ ਕਰਨੀ ਪੈਂਦੀ ਸਭ ਨੂੰ ਯਾਰੋ ਚੁਗਲੀ
ਜਿੰਨਾ ਚਿਰ ਨਾਂ ਚੁਗਲੀ ਕਰੀਏ ਧਰਨ ਕਾਲ਼ਜੇ ਰਹਿੰਦੀ
ਮਾੜੀ ਆਦਤ ਕਦੇ ਨਾਂ ਕਰੀਏ ਸਿਰ ਪੜਵਾਉਂਦੀ ਚੁਗਲੀ
ਕੀ ਕਰੀਏ ਪਰ ਸਰਦਾ ਹੈ ਨਹੀਂ ਇਹ ਵੀ ਕਰਨੀ ਪੈਂਦੀ
ਕਦੇ ਹੋਇਆ ਤਾਂ ਕਰ ਲਈਏ ਉਂਝ ਐਬ ਨਾ ਮਾੜੇ ਪਾਈਏ
ਬਹੁਤੀ ਚੁਗਲੀ ਕਰਨ ਵਾਲੇ ਦੀ ਕਦਰ ਘੱਟ ਹੀ ਪੈਂਦੀ
ਚੁਗਲਬਜ਼ਾਰੀ ਦੇ ਮੇਲੇ ਦਾ ਹਰ ਕੋਈ ਪਾਤਰ ਬਣਦਾ
ਇਹ ਉਹਦੀ, ਉਹ ਇਹਦੀ ਕਰਦਾ, ਸਭਦੀ ਖਬਰ ਹੈ ਰਹਿੰਦੀ
ਚੁਗਲੀ ਕਰਕੇ ਹਰ ਕੋਈ ਕਹਿੰਦਾ ਮੈਂ ਚੁਗਲੀ ਨਹੀਂ ਕਰਦਾ
ਮੈਂ ਤਾਂ ਗੱਲ ਸਰਸਰੀ ਕੀਤੀ ਕਹਿ ਗੱਲ ਤੇ ਮਿੱਟੀ ਪੈਂਦੀ
ਹੋਣਹਾਰ ਨੇ ਚੁਗਲਖੋਰ ਵੀ ਚੁਗਲਨਾਥ ਦੇ ਚੇਲੇ
'ਭੰਗੂ' ਥੋੜਾ ਬਚ ਕੇ ਰਹੀਏ ਚੁਗਲੀ ਮਹਿੰਗੀ ਪੈਂਦੀ

# ਸ਼ਿਵ ਨੂੰ ਯਾਦ ਕਰਦਿਆਂ

ਆ ਦੇਖ ਜ਼ਮਾਨਾ ਕੀ ਹੋਇਆ
ਕੋਈ ਸੱਚਾ ਯਾਰ ਬਣਾਉਂਦਾ ਨਹੀਂ
ਕੀ ਪਿਆਰ ਤੇ ਬਿਰਹਾ ਕੀ ਹੁੰਦਾ
ਕੋਈ ਸ਼ਿਵ ਦੀ ਬਾਤ ਸੁਣਾਉਂਦਾ ਨਹੀਂ
ਕੋਈ ਯਾਦ ਕਰੇ ਨਾਂ ਲੂਣਾਂ ਨੂੰ
ਨਾਂ ਗਮ ਦੀ ਰਾਤ ਹੰਢਾਉਂਦਾ ਏ
ਲੈ ਇੱਕ ਪਰਾਗਾ ਪੀੜਾਂ ਦਾ
ਕੋਈ ਭੱਠੀ ਆਣ ਮਘਾਉਂਦਾ ਨਹੀਂ
ਹੁਣ ਬਹੁਤੇ ਬਦਲੇ ਲੋਕ ਜਿਵੇਂ
ਬੱਸ ਆਪੋ ਵਿੱਚੀ ਰਹਿੰਦੇ ਨੇ
ਕੋਈ ਬਾਤ ਨਾਂ ਪੁੱਛਦਾ ਰੁੱਖਾਂ ਦੀ
ਬਿਰਹੋਂ ਦੀ ਰੜਕ ਜਗਾਉਂਦਾ ਨਹੀਂ
ਪਿਆਰ ਦੀਆਂ ਪਰਛਾਈਆਂ ਦੇ ਵਿੱਚ
ਜਿਸਮਾਂ ਦੀ ਗਰਮਾਹਟ ਰਹਿ ਗਈ
ਇੱਕ ਕੁੜੀ ਜੀਹਦਾ ਨਾਮ ਮੁਹੱਬਤ
ਕੋਈ ਉਹਨੂੰ ਆਣ ਬੁਲਾਉਂਦਾ ਨਹੀਂ
ਅੱਜ ਕੱਲ੍ਹ ਦਿਆਂ ਗੀਤਾਂ ਦੇ ਵਿੱਚ
ਰੜਕ ਪਵੇ ਨਾਂ ਬਿਰਹੋਂ ਦੀ
ਜਿੰਨਾਂ ਚਿਰ ਤੱਕ ਢੋਲ ਨਹੀਂ ਵੱਜਦਾ
ਉਨਾ ਚਿਰ ਕੋਈ ਗਾਉਂਦਾ ਨਹੀਂ
ਟਾਵਾਂ ਟਾਵਾਂ ਲੱਭੂਗਾ ਕੋਈ
ਗਾਉਂਦਾ ਹੋਵੇ ਗੀਤ ਹਿਜ਼ਰ ਦੇ
ਬਣਕੇ ਪੰਛੀ ਵਿੱਚ ਹਵਾਵਾਂ
ਹੁਣ ਕੋਈ ਉੱਡਣਾ ਚਾਹੁੰਦਾ ਨਹੀਂ
ਰੌਸ਼ਨੀਆਂ ਦੇ ਦੇਸ਼ ਟੁਰ ਗਏ
ਚਾਨਣ ਦੇ ਤਿਰਹਾਏ ਲੋਕ
ਮੜ੍ਹੀ ਮੇਰੀ ਦੇ ਉੱਤੇ ਕੋਈ
ਦੀਵਾ ਆਣ ਜਗਾਉਂਦਾ ਨਹੀਂ

ਮਸਤ ਮਲੰਗੇ ਹੋ ਗਏ ਨੇ
ਜਾ ਯਾਰ ਰੁਝੇਵੇਂ ਲੈ ਬੈਠੇ
ਕੀ ਹਾਲ ਫਕੀਰਾਂ ਦਾ ਪੁੱਛਣਾ
ਕੋਈ ਆਪਣੇ ਯਾਰ ਬੁਲਾਉਂਦਾ ਨਹੀਂ
ਹਾਂ ਖੈਰ ਇਹੇ ਵੀ ਹੋਣਾ ਸੀ
ਹੋਣੀ ਤੇ ਜ਼ੋਰ ਚਲਾਉਣਾ ਕੀ
ਹੁਣ 'ਭੰਗੂ' ਦੁਨੀਆਂ ਬਦਲੀ ਏ
ਤੂੰ ਖੁਦ ਨੂੰ ਕਿਉਂ ਬਦਲਾਉਂਦਾ ਨਹੀਂ

## ਅਲਵਿਦਾ

ਕਰ ਚੱਲੇ ਅਲਵਿਦਾ ਅਸੀਂ ਆਪਣੇ ਗਰਾਂ ਨੂੰ
ਜਿੱਥੇ ਜ਼ਿੰਦਗੀ ਦੇ ਜਾਮ ਪੀਤੇ ਅੱਜ ਉਸ ਥਾਂ ਨੂੰ

ਛੋਟੇ ਛੋਟੇ ਪੱਤੇ ਸੀ ਤੇ ਛੋਟੀਆਂ ਸੀ ਡਾਲੀਆਂ
ਚਾਅ ਸੀ ਅਧੂਰੇ ਤੇ ਉਮੰਗਾਂ ਨਾ ਸੀ ਪਾਲੀਆਂ
ਤੁਰ ਚੱਲੇ ਛੱਡ ਸੁੰਨੀ ਧਰਤੀ ਮਾਂ ਨੂੰ
ਕਰ ਚੱਲੇ ਅਲਵਿਦਾ.....................

ਤਰਸਾਂਗੇ ਸਦਾ ਅਸੀਂ ਤੇਰੀ ਇੱਕੋ ਦੀਦ ਨੂੰ
ਜ਼ਿੰਦਗੀ ਦੇ ਲੜੋਂ ਟੁੱਟੀ ਇੱਕੋ ਹੀ ਉਮੀਦ ਨੂੰ
ਲੱਗ ਗਏ ਨੇ ਜਿੰਦਰੇ ਜਿਉਂ ਉੱਡਦੇ ਪਰਾਂ ਨੂੰ
ਕਰ ਚੱਲੇ ਅਲਵਿਦਾ.....................

ਬਣੇ ਹਾਂ ਤਰੇਲ ਅਸੀਂ ਧੁੱਪ ਹੋਈ ਢਲ਼ ਗਏ
ਵਿਛੜੇ ਸੀ ਪਰਛਾਵੇਂ ਖੁਦ ਨਾਲ਼ ਰਲ਼ ਗਏ
ਵੱਖੋ ਵੱਖ ਖਿੰਡ ਚੱਲੇ ਛੱਡ ਕੇ ਪਿੜਾਂ ਨੂੰ
ਕਰ ਚੱਲੇ ਅਲਵਿਦਾ ਅਸੀਂ ਆਪਣੇ ਗਰਾਂ ਨੂੰ
ਜਿੱਥੇ ਜ਼ਿੰਦਗੀ ਦੇ ਜਾਮ ਪੀਤੇ ਅੱਜ ਉਸ ਥਾਂ ਨੂੰ

# ਨਜ਼ਾਰਾ

ਟੀਵੀ ਉੱਤੇ ਫਿਲਮਾਂ ਦੀ ਗੱਲ ਨਾਂ ਬਣੇ
ਸਿਨਮੇ 'ਚ ਆਉਂਦਾ ਏ ਨਜ਼ਾਰਾ ਵੇਖ ਕੇ
ਫੁੱਲ ਹੋਣ ਭਾਵੇਂ ਹੋਵੇ ਕੱਲੀ ਉ ਦਰੀ
ਸੌਣ ਦਾ ਨਜ਼ਾਰਾ ਆਉਂਦਾ ਘੋੜੇ ਵੇਚ ਕੇ
ਬਦੋ ਬਦੀ ਦੌੜ ਕਿਵੇਂ ਲੱਗੀ ਹੋਈ ਐ
ਭੱਜੀ ਜਾਣ ਲੋਕੀਂ ਜਾਨ ਤੋੜ ਤੋੜ ਕੇ
ਪਿੱਛੇ ਮੁੜ ਦੇਖ ਲਈਂ ਅਸੀਂ ਵੀ ਖੜੇ ਹਾਂ
ਤੱਕੇਂਗਾ ਸਹਾਰਾ ਪਹੁੰਚ ਔਖੇ ਗੇੜ ਤੇ
ਤਿੱਪ ਤਿੱਪ ਪੀਣ ਦਾ ਕੀ ਆਸਰਾ ਹੋਵੇ
ਸਿੱਧੀ ਚੱਕ ਬੁੱਲਾਂ ਨੂੰ ਛੁਹਾ ਲੀਂ ਮਿੱਤਰਾ
ਕੱਲੀਆਂ ਕੰਧਾਂ ਨਾਲ ਕਿਹੜੀ ਗੱਲ ਕਰੇਂਗਾ
ਮਹਿਫਿਲਾਂ 'ਚ ਆਉਂਦਾ ਏ ਨਜ਼ਾਰਾ ਛੇੜ ਕੇ
ਖੁਦ ਨੂੰ ਕਿਉਂ ਬੰਦਿਆ ਬਣਾ ਲਿਆ ਖੁਦਾ
ਝੁਰੀਂ ਜਾਵੇਂ ਆਪਣਾ ਹੀ ਖੂਨ ਸਾੜ ਕੇ
ਭੁੱਲ ਜੇਂਗਾ ਦੁਨੀਆਂ ਦੇ ਹਰ ਦੁੱਖ ਨੂੰ
ਬਾਬੇ ਦੇ ਦਰਾਂ ਤੇ ਦੇਖ ਮੱਥਾ ਟੇਕ ਕੇ
ਜੋੜੀਆਂ ਨੇ ਜਿਹੜੀਆਂ ਗਿਣਾਈ ਜਾਨਾਂ ਤੂੰ
ਜੋੜ ਤੋੜ ਵਿੱਚ ਤੂੰ ਲੰਘਾ ਲਈ ਜਿੰਦਗੀ
ਜੋੜੀ ਹੋਈ ਤੇਰੀ ਨੂੰ ਕੀ ਚੱਟਣਾ ਕਿਸੇ ਨੇ
ਸੜੇਂਗਾ ਜੇ ਲੋਕਾਂ ਦੀ ਬਣਾਈ ਵੇਖ ਕੇ
ਚੱਕੀ ਦੇ ਪੁੜਾਂ 'ਚ ਨਾਂ ਫਸਾ ਲਈਂ ਕਿਧਰੇ
ਰੀਸ 'ਚ ਨਾਂ ਨਰਕ ਬਣਾ ਕਿਧਰੇ
ਹੋਣਹਾਰ 'ਭੰਗੂ' ਲੋਕ ਹੁੰਦੇ ਨੇ ਬੜੇ
ਉਹਨਾਂ ਵੱਲ ਜਿੰਦਗੀ ਲੰਘਾਈਂ ਵੇਖ ਕੇ

## ਤਲਾਸ਼

ਤੇਰੇ ਸੁੰਨਸਾਨ ਦਰਦਾਂ ਭਰੇ ਸ਼ਹਿਰ 'ਚ
ਮੈਨੂੰ ਤੇਰੀ ਤਲਾਸ਼ ਹਰ ਗ਼ਲੀ ਮੋੜ ਹੈ

ਮੇਰੀ ਰਾਹਬਰ ਮੇਰੀ ਹੀ ਮੰਜਿਲ ਹੈਂ ਤੂੰ
ਰਾਹ ਹੈ ਮੁਸ਼ਕਿਲ ਤੇ ਪਾਂਧੀ ਮੈਂ ਅਣਜਾਣ ਹਾਂ
ਤੇਰੇ ਹੁਸਨ ਉੱਤੇ ਨੇ ਮਰਦੇ ਕਈ
ਉਹਨਾਂ ਵਿੱਚੋਂ ਹੀ ਮੈਂ ਇੱਕ ਗੁਮਨਾਮ ਹਾਂ
ਤੂੰ ਹੈਂ ਚਾਹਤ ਮੇਰੀ ਇਹ ਨਾਂ ਤੈਨੂੰ ਖ਼ਬਰ
ਅਜਬ ਦਾਸਤਾਂ ਇਹ ਅਜਬ ਹੋੜ ਹੈ
ਤੇਰੇ ਸੁੰਨਸਾਨ ਦਰਦਾਂ................

ਦੇਖਾਂ ਜਿਸ ਪਾਸੇ ਚਿਹਰਾ ਹੀ ਤੇਰਾ ਦਿਸੇ
ਭੁੱਲ ਹੈ ਖੁਦ ਨੂੰ ਵੀ ਤੂੰ ਹੈ ਸਮਝ ਮੈਂ ਲਿਆ
ਕਿਸ ਕਦਰ ਲੁਟ ਰਹੀ ਹੈ ਜਵਾਨੀ ਮੇਰੀ
ਕੁੱਝ ਨਾਂ ਹੋਸ਼ੋ ਹਵਾਸ ਹੈ ਤੈਨੂੰ ਰਿਹਾ
ਹੋ ਜਾਏ ਮਿੱਟੀ ਬੜੇ ਹੀ ਨਸੀਬਾਂ ਵਾਲੀ
ਤੇਰੇ ਕਦਮਾਂ ਨੂੰ ਚੁੰਮਣੇ ਦੀ ਬੱਸ ਲੋੜ ਹੈ
ਤੇਰੇ ਸੁੰਨਸਾਨ ਦਰਦਾਂ................

ਬੱਸ ਇੱਕ ਸਿਜਦੇ ਦੀ ਚਾਹਤ ਤੇਰੇ ਹੁਸਨ ਦੀ
ਮੇਰੀ ਆਸਾਂ ਦਾ ਦੀਵਾ ਤਾਂ ਬੁਝ ਹੈ ਗਿਆ
ਮੇਰੇ ਰੋਣੇ ਦਾ ਵੀ ਕੋਈ ਪੱਜ ਨਾਂ ਰਿਹਾ
ਅਕਸ ਵੀ ਤੇਰਾ ਹੁਣ ਦੂਰ ਖੁੰਝ ਹੈ ਗਿਆ
ਰੂਹ ਹੈ ਨਾਵੇਂ ਤੇਰੇ ਵਜੂਦ ਹੀ ਕੋਲ ਹੈ
ਇਹ ਤਾਂ ਸ਼ਇਦ ਮੇਰੀ ਆਪਣੀ ਸੋਚ ਹੈ
ਤੇਰੇ ਸੁੰਨਸਾਨ ਦਰਦਾਂ................

ਦਿਨੇ ਫੁੱਲਾਂ ਦੇ ਵਿੱਚ ਰਾਤੀਂ ਤਾਰੇ ਦੇਖਾਂ
ਤੇਰੀ ਹਰ ਪਲ ਯਾਦ ਸਤਾਉਂਦੀ ਏ
ਤੇਰੇ ਹਾਸਿਆਂ ਦੇ ਨਾਲ਼ ਦੀਦ ਮੇਰੀ
ਵਾਰਿਸ ਸ਼ਾਹ ਦੀ ਤੂੰ ਹੀਰ ਕਹਾਉਂਦੀ ਏਂ
'ਭੰਗੂ' ਦੀ ਰਚਨਾ ਅੱਜ ਤੋਂ ਹੈਂ ਬਣ ਤੂੰ ਗਈ
ਮੇਰੀ ਜਿੰਦਗੀ ਦਾ ਇਹ ਇੱਕ ਨਵਾਂ ਮੋੜ ਹੈ
ਤੇਰੇ ਸੁੰਨਸਾਨ ਦਰਦਾਂ ਭਰੇ ਸ਼ਹਿਰ 'ਚ
ਮੈਨੂੰ ਤੇਰੀ ਤਲਾਸ਼ ਹਰ ਗ਼ਲੀ ਮੋੜ ਹੈ

# ਤਿੰਨ ਰੰਗ

ਮੈਂ ਉਹੀ ਤਿੰਨ ਰੰਗਾਂ ਨੂੰ ਵੇਖਦਾ
ਤੇ ਨੀਵੀਂ ਜਿਹੀ ਪਾ ਲੈਂਦਾ
ਮੇਰੇ ਲਈ
ਉਹ ਇੱਕ ਰੰਗਦਾਰ ਕੱਪੜਾ ਹੈ
ਕਿਸੇ ਬੁੱਧੀਜੀਵੀ ਦਿਮਾਗ ਦੀ ਸਿਰਜਨਾ
ਕਿਸੇ ਹੱਦ ਦਾ ਗੌਰਵਮਈ ਪ੍ਰਤੀਕ
ਸਭ ਤੋਂ ਉਤਲੇ ਰੰਗ ਨੂੰ ਲੋਕੀਂ ਸੰਤਰੀ ਦੱਸਦੇ ਨੇ
ਪਰ ਇਹ ਕੀ?
ਮੈਨੂੰ ਇਹ ਰੰਗ ਲਾਲ ਨਜ਼ਰ ਆ ਰਿਹਾ
ਦਿਸ ਰਹੀ ਹੈ ਗਰੀਬਾਂ ਦੇ ਖ਼ੂਨ ਦੀ ਕਮਾਈ
ਦਿਨ ਦਿਹਾੜੇ ਕਿਸੇ ਦਾ ਕਤਲ ਕਰਕੇ
ਜਿਵੇਂ ਖ਼ੂਨ ਦੀ ਹੋਲੀ ਮਨਾਈ
ਇਸਦੇ ਛਿੱਟੇ ਹੁਣ ਸਭਦੇ ਦਾਮਨ ਤੇ ਪੈ ਗਏ ਨੇ
ਤਾਂਹੀਂ ਇਸਦਾ ਵਿਚਕਾਰਲਾ ਰੰਗ ਹੋਰ ਜਾਪਦੈ
ਕਿਸੇ ਲਾਚਾਰ ਦੇ ਹੰਝੂਆਂ ਦੀ ਸਿਆਹੀ ਨੇ
ਚਿੱਟੇ ਰੰਗ ਨੂੰ ਘਸਮੈਲ਼ਾ ਕਰ ਦਿੱਤਾ
ਆਪਣੇ ਪਰਿਵਾਰ ਨੂੰ ਮਾਰ ਖੁਦਕੁਸ਼ੀ ਕਰਕੇ
ਬੇਬਸੀ ਦੀ ਲਾਹਨਤ ਨਾਲ਼ ਭਰ ਦਿੱਤਾ
ਪਰ ਹੋਰ ਕਰਦਾ ਵੀ ਕੀ?
ਲੋਕਾਂ ਦੇ ਢਿੱਡ ਭਰਨ ਵਾਲਾ ਭੁੱਖਣਭਾਣੇ ਸੌਂਦਾ
ਹੁਣ ਕੁੱਖਾਂ ਜੰਮਣ ਨਹੀਂ ਮਰਨ ਬਨਣਗੀਆਂ
ਤੁਸੀਂ ਕਫ਼ਨ ਸਾਂਭ ਕੇ ਰੱਖ ਲੈਣਾ
ਸ਼ਾਇਦ ਤਿਰੰਗੇ 'ਚ ਲਾਉਣ ਦੇ ਕੰਮ ਆ ਸਕੇ

ਸਾਡੀਆਂ ਲਾਸ਼ਾਂ ਤਾਂ ਹੁਣ
ਨਹਿਰ ਦੇ ਪਾਣੀਆਂ 'ਚ ਗੁੰਮ ਹੋ ਜਾਂਦੀਆਂ ਨੇ
ਤੇ ਸਾਡੇ ਸੁੱਕੇ ਖੇਤਾਂ ਦੇ ਪਰਲੇ ਪਾਸੇ
ਸਿਵੇ ਤਾਂ ਭਖੇ ਹੀ ਰਹਿੰਦੇ ਨੇ
ਤਾਂਹੀਂ ਤਾਂ ਹਰਾ ਰੰਗ ਵੀ ਕਾਲ਼ਾ ਸਿਆਹ ਹੋ ਗਿਆ
ਸਰਮਾਏਦਾਰੀ ਨੇ ਢੱਕ ਲਈ
ਸਾਡੀ ਗਰੀਬੀ ਦੀ ਜਵਾਨੀ
ਸਾਡੇ ਤਾਂ ਮਜਬੂਰੀ ਨਾਲ਼ ਫੇਰੇ ਹੋਏ ਨੇ
ਸਾਡੇ ਤਾਂ ਸਾਹਾਂ 'ਚ ਗਰੀਬੀ ਭਰੀ ਪਈ ਐ
ਖੈਰ!
ਜਦ ਰੰਗ ਬਦਲ ਗਏ ਨੇ
ਪਰਿਭਾਸ਼ਾ ਵੀ ਬਦਲ ਦਿਉ
ਤੇ ਨਵੇਂ ਰੰਗਾਂ ਦੇ ਅਰਥ ਕਰ ਦਿਉ
ਖੂਨ ਖਰਾਬਾ, ਦੰਗੇ
ਮਾਤਮ, ਭਰੂਣ ਹੱਤਿਆ, ਖੁਦਕੁਸ਼ੀ
ਗਰੀਬੀ, ਭੁੱਖ, ਲਾਚਾਰੀ
ਜੈ ਕੁਰਸੀ
ਜੈ ਕੁਰਸੀ
ਜੈ ਕਰੰਸੀ
ਜੈ ਕਰੰਸੀ

# ਕਹਿਣੀ ਤੇ ਕਰਨੀ

ਉੱਚੀ ਉੱਚੀ ਭਾਸ਼ਣ ਹਰ ਕੋਈ ਦਿੰਦਾ ਰਹਿੰਦਾ ਏ
ਗੱਲ ਪਤੇ ਦੀ ਕਰਦਾ ਯਾਰੋ ਕੋਈ ਕੋਈ ਏ
ਕਹਿਣ ਵਾਲੇ ਤਾਂ ਲੱਖਾਂ ਗੱਲਾਂ ਕਹਿ ਕੇ ਤੁਰ ਜਾਂਦੇ
ਅਮਲ ਕਹੇ ਦੇ ਉੱਤੇ ਕਰਦਾ ਕੋਈ ਕੋਈ ਏ
ਅੰਦਰੋਂ ਬਾਹਰੋਂ ਲੋਕੀਂ ਰੱਬ ਨੂੰ ਬੜਾ ਧਿਆਉਂਦੇ ਨੇ
ਅਸਲ ਮਾਇਨੇ ਵਿੱਚ ਰੱਬ ਤੋਂ ਡਰਦਾ ਕੋਈ ਕੋਈ ਏ
ਪਾਉਣ ਵਾਲੇ ਤਾਂ ਐਵੇਂ ਰੌਲ਼ਾ ਪਾਈ ਜਾਂਦੇ ਨੇ
ਪਰ ਔਖੇ ਵੇਲ਼ੇ ਯਾਰੋ ਖੜਦਾ ਕੋਈ ਕੋਈ ਏ
ਬਹੁਤੇ ਬੰਦੇ ਲੱਤਾਂ ਫੜ ਫੜ ਖਿੱਚਣ ਵਾਲੇ ਈ ਨੇ
ਕਿਸੇ ਦੀ ਵੇਖ ਚੜ੍ਹਾਈ ਜਰਦਾ ਕੋਈ ਕੋਈ ਏ
ਇਸ਼ਕ ਝਨਾਂ ਵਿੱਚ ਵੜਨੇ ਨੂੰ ਦਿਲ ਕਰਦਾ ਏ ਸਭਦਾ
ਪਰ ਕੱਚੇ ਘੜੇ ਦੇ ਉੱਤੇ ਤਰਦਾ ਕੋਈ ਕੋਈ ਏ
ਭਗਤ ਸਰਾਭੇ ਵਰਗਾ ਬਣਨਾ ਔਖਾ ਏ ਮਿੱਤਰੋ
ਕੁਰਬਾਨੀ ਦੇ ਨਾਂ ਤੇ ਮਰਦਾ ਕੋਈ ਕੋਈ ਏ
ਭਲਾ ਹੋਵੇ ਉਹਨਾਂ ਦਾ ਜਿਹੜੇ ਕਿਸੇ ਲਈ ਜਿਉਂਦੇ ਨੇ
ਯਾਰੋ ਜਿੱਤੀ ਹੋਈ ਬਾਜ਼ੀ ਹਰਦਾ ਕੋਈ ਕੋਈ ਏ
ਆਪਣੀ ਫੋਕੀ ਵਾਹ ਵਾਹ ਹਰ ਕੋਈ ਸੁਣਨੀ ਚਾਹੁੰਦਾ ਏ
ਸੱਚੀ ਸਿਫ਼ਤ ਕਿਸੇ ਦੀ ਕਰਦਾ ਕੋਈ ਕੋਈ ਏ
ਹੱਸਦਿਆਂ ਨਾਲ਼ ਖੜਕੇ ਹਰ ਕੋਈ ਦਿਲ ਪਰਚਾ ਲੈਂਦਾ
ਉਏ ਰੋਂਦੀ ਰੂਹ ਦੀ ਅੱਖ ਤਾਂ ਪੜ੍ਹਦਾ ਕੋਈ ਕੋਈ ਏ
'ਭੰਗੂ' ਏਦਾਂ ਬੋਲਣ ਨਾਲ਼ ਇਨਸਾਫ ਨਹੀਂ ਹੁੰਦਾ
ਕਲਮ ਨਾਲ਼ ਵਰਕੇ ਕਾਲੇ ਕਰਦਾ ਕੋਈ ਕੋਈ ਏ

# ਕਰਜ਼ਾ

ਜੇ ਨਾਂ ਹੋਇਆ ਸਾਥੋਂ ਕਰਜਾ ਉਤਾਰ ਸ਼ਹੀਦਾਂ ਦਾ
ਉਹ ਖ਼ੂਨ ਵੀ ਪਾਣੀ ਬਣ ਜਾਣਾ ਏ ਯਾਰ ਸ਼ਹੀਦਾਂ ਦਾ
ਉਸੇ ਖ਼ੂਹ ਤੇ ਅੱਜ ਵੀ ਦਾਗ਼ ਚਮਕਦੇ ਕਿੰਨੇ ਨੇ
ਗਿਣ ਲੈਣਾ ਕਦੇ ਜਾ ਕੇ ਉਹ ਉਪਕਾਰ ਸ਼ਹੀਦਾਂ ਦਾ
ਇੱਕ ਇੱਕ ਕਰਕੇ ਭੁੱਲ ਗਏ ਜੇ ਹਰ ਕੁਰਬਾਨੀ ਨੂੰ
ਇਨਕਲਾਬ ਦਾ ਨਾਅਰਾ ਜਾਣਾ ਹਾਰ ਸ਼ਹੀਦਾਂ ਦਾ
ਬੜੇ ਜ਼ੁਲਮ ਉਹ ਸਹਿ ਗਏ ਸਾਨੂੰ ਹੱਸਦਾ ਵੇਖਣ ਲਈ
ਅਹਿਸਾਨ ਨਾ ਹੋਇਆ ਸਾਥੋਂ ਪਰ ਸਵੀਕਾਰ ਸ਼ਹੀਦਾਂ ਦਾ
ਇੱਕ ਵਾਰੀ ਜੇ ਖੁਰ ਗਈ ਮੁੜਕੇ ਜੜ੍ਹ ਇਹ ਲੱਭਣੀ ਨਹੀਂ
ਜਜ਼ਬਾਤ ਉਹ ਬਣੂੰ ਤਮਾਸ਼ਾ ਬਣਕੇ ਹਾਰ ਸ਼ਹੀਦਾਂ ਦਾ
ਲੋੜ ਹੈ ਨਵੀਂ ਪੀੜ੍ਹੀ ਨੂੰ ਆਪਣਾ ਆਪ ਪਛਾਨਣ ਦੀ
ਇਤਿਹਾਸ ਪੈਣਾ ਦੁਹਰਾਉਣਾ ਫਿਰ ਇੱਕ ਵਾਰ ਸ਼ਹੀਦਾਂ ਦਾ
ਅੱਜ ਲੋੜ ਹੈ ਕੌਮ ਨੂੰ ਬੀੜਾ ਮੁੜ ਚੁੱਕਣਾ ਪੈਣਾ
ਹਰ ਸੁਪਨਾ ਨਹੀਂ 'ਭੰਗੂ' ਜਾਊ ਬੇਕਾਰ ਸ਼ਹੀਦਾਂ ਦਾ

# ਉਦਾਸ

ਮੈਂ ਵੀ ਉਦਾਸ ਹਾਂ ਸੱਜਣਾ ਤੇ ਦਿਲ ਵੀ ਉਦਾਸ ਹੈ
ਪਲ ਦੋ ਪਲ ਦਾ ਰੋਣਾ ਕੀ ਇਹ ਮੌਸਮ ਉਦਾਸ ਹੈ

ਕਿਸ ਨੇ ਪਾਇਆ ਕਿਸ ਨੇ ਖੋਇਆ ਕੀ ਕਿਸ ਕੋਲੇ ਰਹਿਣਾ ਏ
ਇੱਕ ਵਾਰੀ ਜੋ ਹੱਥ ਵਿੱਚ ਆਇਆ ਉਹ ਤੇ ਖੋਣਾ ਪੈਣਾ ਏ
ਦਸਤੂਰਾਂ ਲਈ ਇਸ ਦੁਨੀਆਂ ਵਿੱਚ ਕੁੱਝ ਵੀ ਤੇ ਨਹੀਂ ਖਾਸ ਹੈ
ਮੈਂ ਵੀ ਉਦਾਸ ਹਾਂ ਸੱਜਣਾ...................

ਇਹ ਦਿਲ ਵੀ ਚੰਦਰਾ ਮੰਨਦਾ ਨਹੀਂ ਤੈਨੂੰ ਆਪਣੀ ਆਖ ਬੁਲਾਉਂਦਾ ਏ
ਤੂੰ ਮੇਰੀ ਏਂ ਕਹਿ ਕਹਿ ਕੇ ਸ਼ਰੇਆਮ ਇਹ ਸੱਚ ਲੁਕਾਉਂਦਾ ਏ
ਖੁਦ ਖੁਦਾ ਨੂੰ ਆਪਣੇ ਵਿਦਾ ਕੀਤਾ ਹਾਲੇ ਵੀ ਉਸਦੀ ਆਸ ਹੈ
ਮੈਂ ਵੀ ਉਦਾਸ ਹਾਂ ਸੱਜਣਾ......................

ਇਹ ਪਿਆਰ ਹੈ ਇੱਕ ਪਿਆਰੀ ਦਲਦਲ ਕੋਈ ਮੁੜ ਵਾਪਿਸ ਨਾਂ ਆਉਂਦਾ ਏ
ਕੋਈ ਰੱਜ ਕੇ ਖੁਸ਼ੀਆਂ ਮਾਣ ਲਵੇ ਕੋਈ ਖੁੱਲ੍ਹ ਕੇ ਦਰਦ ਹੰਢਾਉਂਦਾ ਏ
ਭਾਵੇਂ ਮਿਲਿਆ ਜਾਂ ਨਾਂ ਮਿਲਿਆ ਨਾਂ ਪਿਆਰ ਕਿਸੇ ਲਈ ਰਾਸ ਹੈ
ਮੈਂ ਵੀ ਉਦਾਸ ਹਾਂ ਸੱਜਣਾ......................

ਮਜਬੂਰੀ ਤੇ ਮਨਜ਼ੂਰੀ ਲਈ ਤੈਨੂੰ ਤੇ ਰੱਬ ਨੂੰ ਕੀ ਕਹਿਣਾ
ਜੋ ਲਿਖਿਆ ਤਕਦੀਰ ਕਿਸੇ ਦੀ ਉਹ ਤੇ ਉਹਨੂੰ ਸਹਿਣਾ ਪੈਣਾ
ਇਹ 'ਭੰਗੂ' ਜ਼ਮਾਨਾ ਤੇਰਾ ਏ ਬੱਸ ਇੱਕ ਫੋਕਾ ਅਹਿਸਾਸ ਹੈ
ਮੈਂ ਵੀ ਉਦਾਸ ਹਾਂ ਸੱਜਣਾ ਤੇ ਦਿਲ ਵੀ ਉਦਾਸ ਹੈ
ਪਲ ਦੋ ਪਲ ਦਾ ਰੋਣਾ ਕੀ ਇਹ ਮੌਸਮ ਉਦਾਸ ਹੈ

# ਪੰਜਾਬ

ਮਿੱਤਰੋ ਪੰਜਾਬ ਦੇ ਹਾਲਾਤ ਬਦਲੇ
ਨਵੀਂ ਹਵਾ ਹੋ ਗਈ ਬੜੀ ਹਵਾਹਾਰੀ ਬਈ
ਕਾਲਜਾਂ ਸਕੂਲਾਂ ਵਿੱਚ ਆਸ਼ਕੀ ਚੱਲੇ
ਕਹਿੰਦੇ ਆ ਕਿਤਾਬਾਂ ਨੇ ਤਾਂ ਮੱਤ ਮਾਰੀ ਬਈ
ਇਹ ਵੀ ਖੈਰ ਹੋਣਾ ਸੀ ਜੋ ਹੋ ਹੈ ਗਿਆ
ਕਿੰਨਾ ਚਿਰ ਮਿੱਟੀ ਨਾਲ਼ ਮਿੱਟੀ ਹੋਣਾ ਸੀ
ਅਸੀਂ ਵੀ ਤਾਂ ਜਿੰਦਗੀ ਜਿਉਣ ਆਏ ਹਾਂ
ਹਉਕਿਆਂ 'ਚ ਰੋਲਣੀ ਆ ਕਿਉਂ ਵਿਚਾਰੀ ਬਈ
ਪਹਿਲਾਂ ਨਾਲੋਂ ਹੋ ਗਏ ਆ ਸਿਆਣੇ ਲੋਕ ਜੀ
ਸਮੇਂ ਨਾਲ਼ ਤੋਰ ਬਦਲਾਈ ਜਾਂਦੇ ਨੇ
ਬਹੁਤੀਆਂ ਭਾਸ਼ਾਵਾਂ ਕਿਹੜਾ ਸਿੱਖਦਾ ਫਿਰੇ
ਇੱਕੋ ਨਾਲ਼ ਜਾਣ ਸਾਰੇ ਕੰਮ ਸਾਰੀ ਬਈ
ਵਡਿੱਆਂ ਨੂੰ ਕੱਟ ਹੁਣ ਛੋਟੇ ਕਰ ਲਏ
ਪਹਿਲਾਂ ਜਿਹੜੇ ਅੱਠ ਅੱਠ ਕੱਠੇ ਰਹਿੰਦੇ ਸੀ
ਅੱਡ ਅੱਡ ਰਹਿਣ ਦਾ ਸਵਾਦ ਵੱਖਰਾ
ਵੰਡ ਲਈ ਆ ਭਾਈਆਂ ਨੇ ਜਮੀਨ ਸਾਰੀ ਬਈ
ਚੱਲੀ ਚੱਲੋ ਜਿਵੇਂ ਜਿਵੇਂ ਮਾਲਕ ਚਲਾਉਂਦਾ
ਕਿਹੜਿਆਂ ਰੰਗਾਂ 'ਚ ਦੇਖੋ ਰਾਜ਼ੀ ਰਹਿੰਦਾ ਏ
ਉਸੇ ਨੂੰ ਹੈ ਪਤਾ ਉਹਨੇ ਕਿੱਥੇ ਛੱਡਣਾ
ਸਾਜੀ ਐ ਸ੍ਰਿਸ਼ਟੀ ਇਹ ਜੀਹਨੇ ਸਾਰੀ ਬਈ
ਮੁੱਠ ਭਰ ਹੱਡੀਆਂ 'ਚ ਜਾਨ ਨੀ ਬਚੀ
ਪਹਿਲੀਆਂ ਖੁਰਾਕਾਂ ਹੁਣ ਕਿੱਥੇ ਰਹਿਗੀਆਂ
ਨਸ਼ੇ ਨਾਲ਼ ਵਿਚਾਰੇ ਕਈ ਡੰਗ ਸਾਰਦੇ
ਕਿਵੇਂ ਚੱਲੂ ਏਦਾਂ ਗੱਡੀ ਔੜਾਂ ਮਾਰੀ ਬਈ
ਦੋਸਤੋ ਜਵਾਨੋ ਆਜੋ ਹੋਸ਼ ਕਰੀਏ
ਸਾਂਭ ਲਈਏ ਪੁਰਖਾਂ ਦੇ ਵਿਰਸੇ ਦਾ ਰੰਗ
ਤੋੜਨੇ ਨੂੰ 'ਭੰਗੂ' ਕਦੋਂ ਟਾਇਮ ਲੱਗਦਾ
ਜੋੜਨੇ ਨੂੰ ਲੱਗ ਜੇ ਉਮਰ ਸਾਰੀ ਬਈ

# ਪਿਆਰ

ਐ ਖੁਦਾ ਤੇਰੀ ਰਹਿਮਤ ਨੇ ਅੱਜ ਐਸੇ ਰੰਗ ਵਿਖਾਏ ਨੇ
ਜਿਹੜੇ ਪਿਆਰ ਸਾਡੇ ਨੂੰ ਭੁੱਲ ਭੈਠੇ ਅੱਜ ਸਾਨੂੰ ਚੇਤੇ ਆਏ ਨੇ

ਪਲਕਾਂ ਦੇ ਬੂਹੇ ਖੁੱਲ ਗਏ ਹੰਝੂ ਬਣ ਮਹਿਮਾਨ ਪਧਾਰੇ ਨੇ
ਤੇਰੇ ਸਾਹ ਗਿਣਦੇ ਸੀ ਜੋ ਸਾਹਾਂ ਸੰਗ ਅੱਜ ਮੰਗਦੇ ਸਾਹ ਉਧਾਰੇ ਨੇ
ਜੀਹਨੂੰ ਹਰ ਪਲ ਆਪਣਾ ਕਹਿੰਦੇ ਸੀ ਅੱਜ ਹੋ ਗਏ ਉਹੋ ਪਰਾਏ ਨੇ
ਐ ਖੁਦਾ ਤੇਰੀ ਰਹਿਮਤ ਨੇ.......................

ਅੱਜ ਅਕਸ ਵੀ ਧੁੰਦਲਾ ਹੋ ਚੁਕਿੱਆ ਆਇਨਾ ਵੀ ਮੁੱਖ ਬੇਮੁਖ ਹੋਇਆ
ਇੱਕ ਨਜ਼ਰ ਜਮਾਨੇ ਦੀ ਲੱਗੀ ਦੂਜਾ ਨਾਂ ਮਿਲਣੇ ਦਾ ਦੁੱਖ ਹੋਇਆ
ਤੇਰੇ ਚਿਹਰੇ ਨੂੰ ਆਬਾਦ ਕਰ ਅਸੀਂ ਆਪਣੇ ਹੋਂਠ ਸੁਕਾਏ ਨੇ
ਐ ਖੁਦਾ ਤੇਰੀ ਰਹਿਮਤ ਨੇ........................

ਹਰ ਪਲ ਜੋ ਨਜ਼ਰ ਤੂੰ ਆਉਂਦੀ ਸੀ ਨਾਂ ਕੱਲਿਆਂ ਕਦੇ ਮਹਿਸੂਸ ਕੀਤਾ
ਤਨਹਾਈ ਦਰਦ ਜਗਾ ਚੱਲੀ ਪਹਿਲਾ ਜਾਮ ਜੁਦਾਈ ਦਾ ਪੀਤਾ
ਸਾਡੀ ਨਹੀਂ ਤੂੰ ਅੱਜ ਅਹਿਸਾਸ ਹੋਇਆ ਬੀਤੇ ਪਲ ਤਾਂ ਖੁਸ਼ ਬਿਤਾਏ ਨੇ
ਐ ਖੁਦਾ ਤੇਰੀ ਰਹਿਮਤ ਨੇ........................

ਜਿੰਨਾਂ ਅੱਖੀਆਂ ਨਾਂ ਪਰਦਾ ਕੀਤਾ ਸੀ ਅੱਜ ਫਿਰ ਗਈਆਂ ਨੇ ਉਹ ਅੱਖੀਆਂ
ਆਸਾਂ ਵਾਂਗ ਚਿਰਾਗ ਦੇ ਬੁਝ ਗਈਆਂ ਸ਼ਮਾਂ ਬਣ ਕੇ ਜੋ 'ਭੰਗੂ' ਸੀ ਰੱਖੀਆਂ
ਪਹਿਚਾਣ ਹੀ ਅੱਜ ਇਨਕਾਰ ਹੋਈ ਬਿਰਹਾ ਬਣ ਖੁਸ਼ੀਆਂ ਆਏ ਨੇ
ਐ ਖੁਦਾ ਤੇਰੀ ਰਹਿਮਤ ਨੇ ਅੱਜ ਐਸੇ ਰੰਗ ਵਿਖਾਏ ਨੇ
ਜਿਹੜੇ ਪਿਆਰ ਸਾਡੇ ਨੂੰ ਭੁੱਲ ਭੈਠੇ ਅੱਜ ਸਾਨੂੰ ਚੇਤੇ ਆਏ ਨੇ

# ਹੱਡ-ਬੀਤੀ

ਨੇੜੇ ਨੇੜੇ ਹੋ ਜੋ ਇੱਕ ਗੱਲ ਮੈਂ ਸੁਨਾਉਣੀ ਐ
ਹੱਡ ਬੀਤੀ ਸਾਰਿਆਂ ਦੇ ਕੰਨਾਂ ਵਿੱਚ ਪਾਉਣੀ ਐ
ਨਵਾਂ ਨਵਾਂ ਹਾਲੇ ਮੁਕਲਾਵਾ ਮੇਰਾ ਆਇਆ ਸੀ
ਸਿਰੋਂ ਲੈ ਕੇ ਪੈਰਾਂ ਤੱਕ ਮੈਂ ਵੀ ਨਸ਼ਿਆਇਆ ਸੀ
ਸਹੁਰੇ ਘਰੋਂ ਆ ਗਿਆ ਬੁਲਾਵਾ ਇੱਕ ਸ਼ਾਮ ਨੂੰ
ਘਰਵਾਲੀ ਉਡੀਕਦੀ ਸੀ ਕਦੋਂ ਦੀ ਪੈਗਾਮ ਨੂੰ
ਆਪਾਂ ਨੇ ਵੀ ਪੱਗ ਬੰਨ੍ਹ ਖਿੱਚਤੀ ਤਿਆਰੀ ਫੇਰ
ਘਰੋਂ ਤੋਰ ਗੱਡੀ ਸਹੁਰੇ ਘਰ ਜਾ ਖਿਲਾਰੀ ਫੇਰ
ਆਪਣੀ ਵੀ ਟੌਹਰ ਸੀ ਤੇ ਸਹੁਰਿਆਂ ਨੂੰ ਚਾਅ ਸੀ
ਸੱਤਾਂ ਦਿਨਾਂ ਪਿੱਛੋਂ ਸੱਚ ਸਾਲ਼ੇ ਦਾ ਵਿਆਹ ਸੀ
ਸਾਲ਼ਾ ਸਾਹਬ ਕਹਿੰਦੇ ਯਾਰਾਂ ਦੋਸਤਾਂ ਬੁਲਇਆ ਏ
ਬਾਈ ਜੀ ਨੂੰ ਮਿਲਣੇ ਦਾ ਮਸਾਂ ਮੌਕਾ ਆਇਆ ਏ
ਇਹੋ ਜਿਹੇ ਮੌਕੇ ਕੋਈ ਵਿਰਲਾ ਖੁੰਜਾਉਂਦਾ ਏ
ਕਾਲ਼ਜੇ ਦੀ ਅੱਗ ਕੌਣ ਪਾਣੀ ਨਾਲ਼ ਬੁਝਾਉਂਦਾ ਏ
ਬੱਕਰਾ ਵਢ੍ਹਾ ਕੇ ਪਿੱਛੇ ਡਿੱਗੀ ਵਿੱਚ ਧਰ ਲਿਆ
ਰੌਲ਼ਾ ਪਾਉਂਦਿਆਂ ਨੇ ਰੁਖ਼ ਖੇਤ ਵੱਲ ਕਰ ਲਿਆ
ਮੋਟਰ ਦੇ ਉੱਤੇ ਸਾਰਾ ਹੋਇਆ ਪ੍ਰਬੰਧ ਸੀ
ਘਰ ਦੀ ਕੱਢੀ ਸੀ ਹਾਲੇ ਬੋਤਲਾਂ 'ਚ ਬੰਦ ਸੀ
ਮੰਜਾ ਡਾਹ ਕੇ ਗੰਡੇ ਚੀਰ ਰੱਖਿਆ ਮਸਾਲਾ ਫੇਰ
ਇੱਕ ਕਹਿੰਦਾ ਬਾਈ ਲਈ ਪੈੱਗ ਤਾਂ ਬਣਾਲਾ ਫੇਰ
ਹੌਲ਼ੀ ਹੌਲ਼ੀ ਕਰ ਸਾਰੇ ਯਾਰ ਬੇਲੀ ਜੁੜੀ ਗਏ
ਇੱਟਾਂ ਦੇ ਚੁੱਲ੍ਹੇ ਕੋਲ਼ ਬੈਠ ਪੈੱਗ ਲਾ ਲਾ ਮੁੜੀ ਗਏ
ਇੱਕ ਜਾਣਾ ਭੁੰਨੀ ਗਿਆ ਬੱਕਰੇ ਦੀ ਜਾਨ ਨੂੰ
ਬਾਕੀ ਸਾਰੇ ਟੱਲੀ ਕਰੀ ਜਾਣ ਮਹਿਮਾਨ ਨੂੰ
ਔਖਾ ਸੌਖਾ ਮੈਂ ਵੀ ਪੈੱਗ ਸਾਰਿਆਂ ਨਾਲ਼ ਲਾਈ ਗਿਆ

ਸਾਰਿਆਂ ਦੀ ਸੁਣੀ ਗਿਆ ਆਪਣੀ ਸੁਣਾਈ ਗਿਆ
ਇੱਕ ਕਹਿੰਦਾ ਬਾਈ ਪੈੱਗ ਮੇਰੇ ਨਾਲ਼ ਲਾਇਆ ਈ ਨਹੀਂ
ਰੱਖਿਆ ਸੀ ਮਾਣ ਉਹਦਾ ਮੈਂ ਵੀ ਘਬਰਾਇਆ ਨਹੀਂ
ਪੀਂਦੇ ਪੀਂਦੇ ਯਾਰ ਟੱਲੀ ਹੋ ਗਏ ਸੀ ਅਖੀਰ ਨੂੰ
ਪਚਦੀ ਨੀਂ ਹੁੰਦੀ ਬਹੁਤੀ ਛੋਟੇ ਜਿਹੇ ਸਰੀਰ ਨੂੰ
ਨੱਚਣੇ ਦਾ ਮੂਡ ਜਿਹਾ ਬਣਾ ਕੇ ਖੌਰੂ ਪਾਈ ਗਏ
ਪਤਾ ਤਾਂ ਲੱਗੇ ਨਾਂ ਹੱਥ ਪੈਰ ਜਿਹੇ ਹਿਲਾਈ ਗਏ
ਉੱਤਰੀ ਜਦੋਂ ਤਾਂ ਫੇਰ ਹੋਰ ਲਾਉਣ ਲੱਗ ਪਏ
ਅੱਧੀ ਰਾਤ ਹੋ ਗਈ ਘਰੋਂ ਫੋਨ ਆਉਣ ਲੱਗ ਗਏ
ਕਾਹਲੀ ਕਾਹਲੀ ਤਿੰਨ ਚਾਰ ਮੋਟੇ ਮੋਟੇ ਲਾ ਲਏ
ਜੱਫੀਆਂ ਪਾ ਮਿਲ ਸਭ ਅੱਡ ਅੱਡ ਰਾਹ ਪਏ
ਘਰੇ ਆ ਕੇ ਚੁੱਪ ਚਾਪ ਮੰਜੇ ਉੱਤੇ ਪੈ ਗਿਆ
ਹੋਣਾ ਕੀ ਸੀ ਘਰੇ ਆ ਕੇ ਉਹੀ ਪੰਗਾ ਪੈ ਗਿਆ
ਸੁੱਕੀ ਜਿਹੜੀ ਪੀਤੀ ਉਹਨੇ ਕਾਲ਼ਜਾ ਮਚਾਇਆ ਸੀ
ਸਭ ਨੂੰ ਜਵਾਈ ਨੇ ਵਕਤ ਫੇਰ ਪਾਇਆ ਸੀ
ਕੋਈ ਆਖੇ ਕੀ ਕੋਈ ਕੀ ਕਰ ਦੇਈ ਜਾਵੇ
ਕਾਲ਼ਜੇ ਦੀ ਪੀੜ ਬੱਸ ਕਾਲ਼ਜੇ 'ਚ ਰਹੀ ਜਾਵੇ
ਔਖੀ ਸੌਖੀ ਰਾਤ ਮੈਂ ਲੰਘਾਈ ਦੜ ਵੱਟ ਕੇ
ਅੱਗੇ ਤੋਂ ਨਹੀਂ ਪੀਣੀ ਇਹੇ ਸੋਚ ਲਿਆ ਅੱਕ ਕੇ
ਪਰ ਉਹੀ ਗੱਲ ਹੋਈ ਫੇਰ ਸ਼ਾਮ ਵੇਲ਼ਾ ਆ ਗਿਆ
ਚਿਹਰੇ ਉੱਤੇ ਫੇਰ ਜਿਉਂ ਸਰੂਰ ਜਿਹਾ ਛਾ ਗਿਆ
ਕੱਠਿਆਂ ਨੇ ਪੀਣੀ ਪੀ ਕੇ ਲਈ ਗਏ ਨਜ਼ਾਰੇ ਫੇਰ
ਹਰ ਰੋਜ਼ ਪੀ ਕੇ ਰੋਜ਼ ਮਿਲੀ ਗਏ ਦੁਬਾਰੇ ਫੇਰ
ਸਹੁਰਿਆਂ ਨੂੰ ਰਹਿੰਦੀ ਸੀ ਫਿਕਰ ਅੱਧੀ ਰਾਤ ਤਾਈਂ
ਮੁੜਦੇ ਸੀ ਪੀ ਕੇ ਕਿਤੇ ਮਸਾਂ ਪ੍ਰਭਾਤ ਤਾਈਂ
ਪੀਣੀ ਨਾਂ ਜੇ ਪੀਤੀ ਫੇਰ ਮੁੜਕੇ ਖਿਲਾਰਿਉ ਨਾਂ
'ਭੰਗੂ' ਵਾਂਗੂ ਸਹੁਰਿਆਂ ਦੀ ਮੱਤ ਐਵੇਂ ਮਾਰਿਉ ਨਾਂ

# ਰਾਂਝਾ

ਕੱਲੀ ਹੀਰ ਤੇ ਦੋਸ਼ ਕਿਉਂ ਲੱਗੀ ਜਾਂਦਾ...
ਗੱਲ ਰਾਂਝੇ ਦੀ ਵੀ ਕਰੋ ਬਿਆਨ ਮੀਆਂ...
ਸਾਰੇ ਹੀਰਾਂ ਦੇ ਪਿੱਛੇ ਨੇ ਪਈ ਜਾਂਦੇ...
ਰਾਂਝੇ ਵੱਲ ਵੀ ਦੇਵੋ ਧਿਆਨ ਮੀਆਂ...
ਕੱਲੇ ਹੱਥ ਨਾਲ ਵੱਜੇ ਨਾਂ ਤਾੜੀ ਕਦੇ...
ਦੋਵੇਂ ਮਿਲਕੇ ਮਚਾਉਂਦੇ ਘਮਸਾਨ ਮੀਆਂ...
ਰਾਂਝਾ ਵੰਝਲ਼ੀ ਹੈ ਕਿਤੇ ਗਵਾ ਬੈਠਾ
ਤਾਹੀਂ ਸਿਗਰਟ ਬੁੱਲਾਂ ਦੀ ਬਣੀ ਸ਼ਾਨ ਮੀਆਂ...
ਪਹਿਲਾਂ ਨਸ਼ੇ ਤੇ ਮਗਰੋਂ ਹੈ ਹੀਰ ਆਉਂਦੀ
ਚਾਰ ਹੱਡਾਂ ਦੀ ਰਹਿ ਗਈ ਹੈ ਜਾਨ ਮੀਆਂ...
ਕਿਹੜੀ ਮੱਝਾਂ ਚਰਾਉਣੇ ਦੀ ਗੱਲ ਕਰਦੇ
ਪਿੰਡ ਜਾਂਦਾ ਵੀ ਹੋਵੇ ਪਰੇਸ਼ਾਨ ਮੀਆਂ...
ਸੁਬਾਹ ਹੋਰ ਤੇ ਸ਼ਾਮੀਂ ਹੀਰ ਹੋਵੇ
ਏਸੇ ਵਿੱਚ ਤਾਂ ਵਧਦੀ ਹੈ ਸ਼ਾਨ ਮੀਆਂ...
ਬੁੱਲੇ ਵੱਢੋ ਤੇ ਢੋਲੇ ਦੀਆਂ ਲਾਉ ਯਾਰੋ
ਏਹੇ ਖਸਮਾਂ ਨੂੰ ਖਾਵੇ ਜਹਾਨ ਮੀਆਂ...
ਕੱਠੇ ਖਾਵਾਂਗੇ ਬਿੱਲ ਹੋਣਾ ਅੱਧਾ ਅੱਧਾ
ਪੈਸੇ ਦਿੰਦੇ ਦੀ ਖੁਰ ਜਾਵੇ ਭਾਨ ਮੀਆਂ...
ਸ਼ਾਮੀ ਅਧੀਏ ਲਈ ਜਾਂਦੀ ਹੋਈ ਪੈਸੇ ਦੇ ਜਾਈਂ
ਨਹੀਂ ਲੱਭ ਲਈਂ ਨਵਾਂ ਤੂੰ ਕੋਈ ਹਾਣ ਮੀਆਂ...
ਐਵੇਂ ਕਮਲਾ ਸੀ ਕੰਨ ਪੜਵਾਈ ਫਿਰਿਆ
ਨਵੀਂ ਲੱਭਣੀ ਸੀ ਕੋਈ ਰਕਾਨ ਮੀਆਂ...
ਇੱਕੋ ਕੰਨ 'ਚ ਪਾ ਕੇ ਸੀ ਕਰਾਮਾਤ ਕਰਨੀ
ਬਣੀ ਫਿਰਨੀ ਸੀ ਹਰ ਕੋਈ ਜਾਨ ਮੀਆਂ...
ਐਵੇਂ ਹਾਲ ਮੈਂ ਕਾਹਤੋਂ ਬਣਾਏ ਐਸੇ
ਇਸ਼ਕ ਹੁੰਦਾ ਏ ਬੜਾ ਆਸਾਨ ਮੀਆਂ...
ਵੇਖ ਕੇ ਰਾਂਝਾ ਵੀ ਅੱਜ ਦਿਆਂ ਰਾਂਝਿਆਂ ਨੂੰ
"ਭੰਗੂ" ਹੁੰਦਾ ਏ ਹੋਣਾ ਹੈਰਾਨ ਮੀਆਂ...

# ਔਰਤ

ਤੇ ਔਰਤ ਬਣ ਗਈ ਇੱਕ ਕਹਾਣੀ
ਪੱਤਣ ਵਿਹੂਣਾ ਉਹ ਲੱਗਦੀ ਹੈ ਕਿਸੇ ਨਦੀ ਦਾ ਪਾਣੀ

ਔਰਤ ਨੇ ਜਦ ਔਰਤ ਜਨਮੀ ਮੱਚੀਆਂ ਫੇਰ ਦੁਹਾਈਆਂ
ਦੁੱਖਾਂ ਦੀ ਉਂਗਲੀ ਉਸ ਫੜਕੇ ਲਾਡਾਂ ਪਾਰ ਲੰਘਾਈਆਂ
ਏਨੇ ਨੂੰ ਫੇਰ ਅੱਤ ਮਚਾਉਂਦੀ ਆ ਗਈ ਫੇਰ ਜਵਾਨੀ
ਤੇ ਔਰਤ ਬਣ ਗਈ ਇੱਕ ਕਹਾਣੀ

ਦਨੀਆਂ ਦੀ ਹਰ ਨਜ਼ਰ ਉਸ ਲਈ ਹੋ ਗਈ ਫੇਰ ਪਰਾਈ
ਦਿਲ ਨਾਂ ਮੰਨਿਆ ਫਿਰ ਲੁੱਟ ਬੈਠੀ ਇੱਕ ਹਨ੍ਹੇਰੀ ਆਈ
ਚੋਗ ਖਿਲਾਰੀ ਚੁਗ ਗਿਆ ਸਾਰੀ ਉਹ ਦਰਦਾਂ ਦਾ ਹਾਣੀ
ਤੇ ਔਰਤ ਬਣ ਗਈ ਇੱਕ ਕਹਾਣੀ

ਬਾਬੁਲ ਅੱਜ ਦੂਜੀ ਵਾਰ ਰੋਇਆ ਤੁਰ ਗਈ ਮੋਹਾਂ ਦੀ ਰਾਣੀ
ਮਾਪਿਆਂ ਦਾ ਸੀ ਜੋ ਪੁੱਤਰ ਸਨੇਹੀ ਅੱਜ ਪੁਛਿਆ ਵੀ ਨਾਂ ਪਾਣੀ
ਮਾਂ ਬਣ ਗਈ ਅੱਜ ਔਰਤ ਜਨਨੀ ਮਮਤਾ ਦੀ ਭੁੱਖਣਭਾਣੀ
ਤੇ ਔਰਤ ਬਣ ਗਈ ਇੱਕ ਕਹਾਣੀ

ਸਾਰੀ ਉਮਰੇ ਦਰਦ ਹੰਢਾਇਆ ਕਿਸੇ ਤੱਤੀ 'ਵਾ ਨਾਂ ਲੱਗੇ
ਅੱਜ 'ਭੰਗੂ' ਨੇ ਸੀਸ ਨਿਵਾਇਆ ਮਮਤਾ ਦੀ ਦੇਵੀ ਅੱਗੇ
ਖ਼ਾਕ ਤੋਂ ਬਣ ਅੱਜ ਖ਼ਾਕ ਹੋ ਗਈ ਚੱਲੀ ਫੇਰ ਮਸਾਣੀਂ
ਤੇ ਔਰਤ ਬਣ ਗਈ ਇੱਕ ਕਹਾਣੀ
ਤੇ ਔਰਤ ਬਣ ਗਈ ਇੱਕ ਕਹਾਣੀ
ਪੱਤਣ ਵਿਹੂਣਾ ਉਹ ਲੱਗਦੀ ਹੈ ਕਿਸੇ ਨਦੀ ਦਾ ਪਾਣੀ

# ਗ਼ਮ

ਗ਼ਮ ਦੇ ਦਰਿਆ ਪਲ ਪਲ ਡੂੰਘੇ ਹੋਈ ਜਾਂਦੇ ਨੇ
ਲੱਖ ਸੰਭਾਲਾਂ ਖੁਸ਼ੀਆਂ ਦੇ ਮੋਤੀ ਪਰ ਇਹ ਖੋਈ ਜਾਂਦੇ ਨੇ

ਜਦ ਕਦੇ ਖੁਸ਼ ਹੋਣ ਦੀ ਨੌਬਤ ਆਈ ਇਸ ਦਿਲ ਦੀਵਾਨੇ ਤੇ
ਨਜ਼ਰੋ ਨਜ਼ਰੀ ਨਜ਼ਰਾਂ ਲੱਗੀਆਂ ਦੋ ਘੜੀਆਂ ਦੇ ਨਜ਼ਰਾਨੇ ਤੇ
ਲੱਖ ਸਮਝਾਵਾਂ ਮੈਂ ਨੈਣਾਂ ਨੂੰ ਪਰ ਇਹ ਰੋਈ ਜਾਂਦੇ ਨੇ
ਗ਼ਮ ਦੇ ਦਰਿਆ..........................

ਤੇਰੇ ਲਈ ਮੈਂ ਹਰ ਹਕੀਕਤ ਸੁਪਨੇ ਤੋਂ ਵੀ ਵੱਧ ਸਜਾਵਾਂ
ਹੱਥਾਂ ਦੀਆਂ ਲਕੀਰਾਂ ਤੇ ਵੀ ਤੇਰੇ ਨਾਂ ਦਾ ਮਹਿਲ ਬਣਾਵਾਂ
ਬਣ ਸ਼ੀਤ ਹਵਾ ਯਾਦਾਂ ਦੇ ਪਲ ਉਹ ਮੈਨੂੰ ਛੋਹੀ ਜਾਂਦੇ ਨੇ
ਗ਼ਮ ਦੇ ਦਰਿਆ..........................

ਏਸ ਵਕਤ ਨੇ ਦੱਸ ਦਿਲਾ ਉਏ ਤੈਨੂੰ ਆਪਣਾ ਕਦੋਂ ਬਣਾਇਆ
ਉਹਦੇ ਲਈ ਜੋ ਤੇਰੀ ਹੈ ਨਹੀਂ ਖੁਦ ਨੂੰ ਕਿਉਂ ਹੈ ਦਾਅ ਤੇ ਲਾਇਆ
ਇਸ਼ਕ ਉਹਦੇ ਦੇ ਵ੍ਹਾ ਵਰੋਲੇ ਹਰ ਯਾਦ ਸਮੋਈ ਜਾਂਦੇ ਨੇ
ਗ਼ਮ ਦੇ ਦਰਿਆ..........................

ਅੰਗਾਰ ਜਿਹੇ ਉਹ ਯਾਦਾਂ ਦੇ ਮੇਰੀ ਰੂਹ ਨੂੰ ਆ ਗਰਮਾਉਂਦੇ ਨੇ
ਮੇਰੇ ਪੋਟੇ ਲੱਗਦਾ ਹਵਾ ਦੇ ਵਿੱਚ ਤੇਰੇ ਵਾਲਾਂ ਨੂੰ ਹਿਲਾਉਂਦੇ ਨੇ
ਕਰ ਕੋਸ਼ਿਸ਼ 'ਭੰਗੂ' ਮੁੜਨੇ ਦੀ ਇਹ ਰਾਹ ਸਭ ਰੋਹੀ ਜਾਂਦੇ ਨੇ
ਗ਼ਮ ਦੇ ਦਰਿਆ ਪਲ ਪਲ ਡੂੰਘੇ ਹੋਈ ਜਾਂਦੇ ਨੇ
ਲੱਖ ਸੰਭਾਲਾਂ ਖੁਸ਼ੀਆਂ ਦੇ ਮੋਤੀ ਪਰ ਇਹ ਖੋਈ ਜਾਂਦੇ ਨੇ

# ਅੰਦੋਲਨ

ਜੇ ਮੈਂ ਅੱਜ ਕਮਜੋਰ ਹੋ ਗਿਆ
ਮੇਰੇ ਜ਼ਹਿਨ ਵਿੱਚ ਭਾਂਬੜ ਬਣ ਜਾਣਗੇ,
ਫਟ ਜਾਵੇਗੀ ਕੋਈ ਦਿਮਾਗ ਦੀ ਨਾੜ
ਜੇ ਮੈਂ ਅੱਜ ਨਾਂ ਬੋਲਿਆ

ਮੈਂ ਆਵਾਜ਼ ਬਣਾਂਗਾ
ਗਰੀਬਾਂ ਦੀ,
ਮਜਦੂਰਾਂ ਦੀ,
ਵਿਚਾਰਿਆਂ ਦੀ,
ਤਰਲਿਆਂ ਦੀ,
ਹਉਕਿਆਂ ਦੀ,
ਜਾਂ ਫਿਰ ਖੁਦ ਬਦਲਾਂਗਾ
ਤੇ ਮਿਟਾ ਦਿਆਂਗਾ ਹੋਂਦ ਇਹਨਾਂ ਸ਼ਬਦਾਂ ਦੀ
ਪਰ ਮੈਂ ਕਰਾਂਗਾ ਕੀ?

ਕਿਸੇ ਦੇ ਪੈਰਾਂ ਦਾ ਬੂਟ ਬਣਾਂਗਾ
ਕਿਸੇ ਅਧਨੰਗੇ ਤਨ ਦਾ ਕੱਪੜਾ ਬਣਾਂਗਾ
ਕਾਸ਼!
ਮੇਰੇ ਚੰਮ ਦੀ ਕੋਈ ਬੁਰਕੀ ਬਣਾ ਲਵੇ
ਮੈਂ ਕਿਸੇ ਲਈ ਅੰਨ ਦਾ ਟੁਕੜਾ ਬਣਾਂਗਾ
ਕਿਸੇ ਬਾਬੁਲ ਦਾ ਦਹੇਜ ਬਣਾਂਗਾ
ਕਿਸੇ ਬਿਮਾਰ ਦਾ ਪ੍ਰਹੇਜ ਬਣਾਂਗਾ
ਕਿਸੇ ਦੀਆਂ ਅੱਖਾਂ ਦੀ ਚਮਕ ਜਾਂ
ਕਿਸੇ ਬੇਘਰ ਲਈ ਫੁੱਲਾਂ ਦੀ ਸੇਜ ਬਣਾਂਗਾ ਮੈਂ।

ਕਿਸੇ ਕਮਜੋਰ ਦਿਲ ਦੀ ਆਹ ਨਹੀਂ ਬਣਾਂਗਾ
ਕਿਸੇ ਦੀ ਫੋਕੀ ਵਾਹ ਨਹੀਂ ਬਣਾਂਗਾ
ਮੇਰੇ ਜੇਰੇ ਤੇ ਪੂਰਨ ਭਰੋਸਾ ਹੈ ਮੈਨੂੰ
ਕਿਸੇ ਮਹਾਤੜ ਦੀ ਕਦੇ ਹਾਅ ਨਹੀਂ ਬਣਾਂਗਾ।

ਆਖ਼ਿਰ ਕਦੋਂ ਜਾਗੂ ਇਹ ਸੁੱਤਾ ਸਮਾਜ?
ਕਿਉਂ ਤੋੜ ਰਹੇ ਹੋ ਪਹਿਲਾਂ ਤੋਂ ਟੁੱਟਿਆਂ ਨੂੰ
ਕਿਉਂ ਲੁੱਟ ਰਹੇ ਹੋ ਰੱਬ ਵੱਲੋਂ ਲੁਟਿਆਂ ਨੂੰ।

ਕੌਣ ਹੈ ਇਹ ਰੱਬ?
ਜੋ ਆਪਣੇ ਨਾਮ ਤੇ ਸਭ ਕੁੱਝ ਕਰ ਰਿਹੈ
ਕਿਸੇ ਨੂੰ ਜੁੜਦੀ ਨਹੀਂ ਇੱਕ ਵਕਤ ਦੀ ਰੋਟੀ ਵੀ
ਕੋਈ ਆਪਣੇ ਕੂੜੇਦਾਨ ਬੇਸਵਾਦੇ ਖਾਣੇ ਨਾਲ਼ ਭਰ ਰਿਹੈ
ਕਦੋਂ ਜਾਗੇਗਾ ਇਹ ਰੱਬ?
ਲੱਗਦਾ ਡਰ ਗਿਐ
ਦੁਨੀਆਂ ਦੇ ਆਪੂੰ ਬਣੇ ਰੱਬਾਂ ਤੋਂ
ਜੋ ਮੁੜ ਆਉਣਾ ਨਹੀਂ ਚਾਹੁੰਦਾ
ਜਾਂ ਉਹ ਖੁਦ ਵਿਚਾਰਾ ਗਰੀਬ ਹੋਣਾ
ਜਾਂ ਹੋਵੇਗਾ ਧਨਾਢ ਹੰਕਾਰਿਆ ਹੋਇਆ!

ਪਰ ਹੇ ਰੱਬਾ
ਤੂੰ ਜੋ ਕੋਈ ਵੀ ਹੈਂ
ਕੀ ਤੈਨੂੰ ਸੱਚੀਂ ਦਰਦ ਨਹੀਂ ਆਉਂਦਾ?
ਜਾਂ ਹੱਸ ਰਿਹੈਂ ਕਿਸੇ ਦੀ ਬੇਬਸੀ ਤੇ
ਜਾਂ ਕਰ ਰਿਹੈਂ ਲਾਚਾਰ ਕਿਸੇ ਮਜਬੂਰ ਨੂੰ।

ਪਰ ਤੂੰ ਏਦਾਂ ਨਹੀਂ ਕਰ ਸਕਦਾ
ਤੈਨੂੰ ਆਉਣਾ ਪਵੇਗਾ
ਕਿਸੇ ਅੰਦੋਲਨ ਦੇ ਰੂਪ ਵਿੱਚ
ਕਿਸੇ ਤਰਕ ਦੇ ਰੂਪ ਵਿੱਚ
ਨਹੀਂ ਤਾਂ ਉੱਠ ਜਾਵੇਗਾ ਭਰੋਸਾ
ਤੇਰੇ ਤੋਂ
ਤੇਰੇ ਆਪਣੇ ਬਣਾਏ ਇਹਨਾਂ ਲੋਕਾਂ ਦਾ।

## ਯਾਦ

ਅੱਜ ਯਾਦਾਂ ਵਿੱਚੋਂ ਲੱਭਦਾ ਹਾਂ ਖੋਏ ਅਰਮਾਨਾਂ ਨੂੰ
ਬੀਤੇ ਪਲਾਂ ਨੂੰ ਤਰਾਸ਼ ਸਦਾ ਵਿਛੜੇ ਪੈਗਾਮਾਂ ਨੂੰ

ਵੀਰਾਨ ਜਿਹੀ ਉੱਜੜੀ ਬਸਤੀ ਵਿੱਚ ਸੁੰਨਾ ਵਸਦਾ ਘਰ ਹੋ ਗਏ ਹਾਂ
ਸਾਲਾਂ ਤੋਂ ਜਿੰਦਰੇ ਵਿੱਚ ਜਕੜਿਆ ਬੁੱਢੜਾ ਜਿਹਾ ਕੋਈ ਦਰ ਹੋ ਗਏ ਹਾਂ
ਇੱਕ ਪੌਣ ਹੁਲਾਰਾ ਦੇ ਸੁੱਟਦੀ ਇਹਨਾਂ ਬੁਝੇ ਹੋਏ ਸ਼ਮਾਂਦਾਨਾਂ ਨੂੰ
ਅੱਜ ਯਾਦਾਂ ਵਿੱਚੋਂ ਲੱਭਦਾ..................

ਦਿਨ ਤਾਂ ਲੰਘ ਜਾਏ ਸੋਚਾਂ ਦੇ ਵਿੱਚ ਰਾਤ ਹਨ੍ਹੇਰੀ ਦਿਲ ਕੰਬ ਜਾਂਦੈ
ਯਾਦਾਂ ਨੂੰ ਬੁੱਕਲ ਵਿੱਚ ਲੈ ਕੇ ਹਿਜ਼ਰ ਤੇਰੇ ਦਾ ਸੱਪ ਡੰਗ ਜਾਂਦੈ
ਕੰਮ ਮੇਰਾ ਸੀ ਮੈਂ ਭੁੱਲ ਚੁੱਕਿਆਂ ਤੂੰ ਗਿਣਦੀ ਚੰਦ ਅਹਿਸਾਨਾਂ ਨੂੰ
ਅੱਜ ਯਾਦਾਂ ਵਿੱਚੋਂ ਲੱਭਦਾ..................

'ਭੰਗੂ' ਪਹੇਲੀ ਬਣ ਚੁੱਕਿਆ ਏ ਗੁਜ਼ਰਦਿਆਂ ਹਾਲਾਤਾਂ ਦੇ ਵਿੱਚ
ਗ਼ਮ ਨੇ ਆਖਿਰ ਕਬਜ਼ਾ ਕੀਤਾ ਰਚ ਚੁੱਕਿਆ ਜਜ਼ਬਾਤਾਂ ਦੇ ਵਿੱਚ
ਤੇ ਵਕਤ ਵੀ ਕਿੰਨਾਂ ਲਗਦਾ ਏ ਏਥੇ ਬਦਲਦਿਆਂ ਇਨਸਾਨਾਂ ਨੂੰ
ਅੱਜ ਯਾਦਾਂ ਵਿੱਚੋਂ ਲੱਭਦਾ ਹਾਂ ਖੋਏ ਅਰਮਾਨਾਂ ਨੂੰ
ਬੀਤੇ ਪਲਾਂ ਨੂੰ ਤਰਾਸ਼ ਸਦਾ ਵਿਛੜੇ ਪੈਗਾਮਾਂ ਨੂੰ

## ਦੂਰੀ

ਫਰਜ਼ਾਂ ਦੇ ਮਾਰਿਆਂ ਨੇ ਨਦੀ ਦੇ ਕਿਨਾਰਿਆਂ ਨੇ
ਦੂਰੀ ਨਾਂ ਮਿਟਾਈ ਕਦੇ ਪਾਣੀਆਂ ਤੋਂ ਹਾਰਿਆਂ ਨੇ
ਜੇ ਦੋਵੇਂ ਜਾਣੇ ਬੈਠ ਜਾਂਦੇ ਹੋ ਕੇ ਇੱਕਜੁੱਟ ਕਦੇ
ਕਿਸੇ ਤੋਂ ਵੀ ਪੈਣੀ ਨਾਂ ਸੀ ਐਡੀ ਵੱਡੀ ਫੁੱਟ ਕਦੇ
ਕਰਦੇ ਉਡੀਕ ਰਹੇ ਇੱਕ ਦੂਜੇ ਨੂੰ ਬੁਲਾਉਣ ਦੀ
ਗਈ ਨਾਂ ਆਦਤ ਗੱਲਾਂ ਦਿਲ ਚੋਂ ਭੁਲਾਉਣ ਦੀ
ਮਰਜਾਣੇ ਦਿਲ ਨੂੰ ਜੇ ਰੀਝ ਨਾਂ ਨਿਮਾਣੀ ਹੁੰਦੀ
ਕਿਸੇ ਤੋਂ ਨਾਂ ਲਿਖ ਕਦੇ ਯਾਦਾਂ ਦੀ ਕਹਾਣੀ ਹੁੰਦੀ
ਲੱਭਦੇ ਰਹੇ ਕਈ ਕਈ ਮੁੜ ਗਏ ਘਰਾਂ ਨੂੰ ਖਾਲੀ
ਕਈਆਂ ਦੀ ਉਡੀਕ ਵਿੱਚ ਮੁੱਖੜੇ ਦੀ ਮੁੱਕੀ ਲਾਲੀ
ਕਦੇ ਮਜਬੂਰੀ ਕਦੇ ਸ਼ੌਕ ਨਾਲ਼ ਦਿਲ ਤੋੜੇ
ਜਾਲਮ ਜ਼ਮਾਨਾ ਪਾਏ ਪਿਆਰ ਦੇ ਰਾਹਾਂ 'ਚ ਰੋੜੇ
ਕਈਆਂ ਨੇ ਤਾਂ ਰੁੱਸੇ ਜਾਂਦੇ ਰੱਬ ਨੂੰ ਮਨਾ ਲਿਆ
'ਭੰਗੂ' ਕੋਲ਼ੋਂ ਰੱਬ ਰੂਪ ਬੰਦੇ ਵੀ ਮਨਾ ਨਾਂ ਹੁੰਦੇ

# ਕਲਮ

ਮੈਂ ਰੋਕਦਾ ਰਿਹਾ ਕਲਮ ਨੂੰ
ਉਹ ਬੇਝਿਜਕ ਹੋ ਲਿਖਦੀ ਰਹੀ
ਮੈਂ ਸੋਚਿਆ
ਕਿਧਰੇ ਕੋਈ ਹੜ੍ਹ ਨਾਂ ਆ ਜਾਵੇ
ਪਰ ਕੌਣ ਹੜ੍ਹ ਤੋਂ ਡਰਦਾ ਏ,
ਮਤੇ ਆ ਜਾਵੇ ਤਾਂ ਆ ਜਾਵੇ
ਹੁਣ ਸੋਚਦਾਂ,
ਜੋ ਦਿਲ ਵਿੱਚ ਹੈ ਉਹ ਵਰਕੇ ਤੇ ਆ ਜਾਵੇ
ਉਹ ਵਰਕੇ ਪਾੜ ਦੇਣਗੇ, ਜਾਂ ਫਿਰ ਸਾੜ ਦੇਣਗੇ
ਕਿੰਨੇ ਕੁ ਪਾੜ ਸਾੜ ਦੇਣਗੇ,
ਮੈਂ ਲਿਖਦਾ ਜਾਵਾਂਗਾ,
ਬੱਸ ਇਹੀ ਸੋਚ
ਮੈਂ ਰੋਕਦਾ ਰਿਹਾ ਕਲਮ ਨੂੰ ਤੇ ਉਹ ਬੇਝਿਜਕ ਹੋ ਲਿਖਦੀ ਰਹੀ।

ਲੋਕਾਂ ਦੀ ਕੈਸੀ ਸੋਚ ਹੋ ਗਈ ਏ
ਖੂਨ ਪਾਣੀ ਹੋ ਗਏ, ਰਿਸ਼ਤੇ ਕੁੜੱਤਣ ਕੜ੍ਹ ਗਏ
ਜਿੰਨਾਂ ਤੋਂ ਭੋਰਾ ਆਸ ਸੀ ਉਹ ਦੂਰ ਜਾ ਕੇ ਖੜ੍ਹ ਗਏ
ਹੁਣ ਰੋਣ ਨੂੰ ਕਰਦਾ ਏ ਦਿਲ ਵਾਲਾਂ ਨੂੰ ਨੋਚ ਨੋਚਕੇ
ਹੈ ਪਿਆਰ ਵਿੱਚ ਮਾਤਮ ਬੜਾ ਆਸਾਂ ਦੇ ਸਭ ਖੰਭ ਝੜ ਗਏ
ਹੁਣ ਪਿਆਰ ਦੀ ਕੋਈ ਸਾਰ ਨਹੀਂ
ਭੋਰਾ ਕਿਸੇ ਦਾ ਸਤਿਕਾਰ ਨਹੀਂ
ਜੋ ਕਿਸੇ ਨੂੰ ਪਿਆਰ ਕਰ ਰਿਹਾ
ਉਹ ਪਿਆਰ ਤੋਂ ਹੈ ਡਰ ਰਿਹਾ

ਲੋਕਾਂ ਨੂੰ ਵੇਖ ਕਿਵੇਂ ਇੱਕ ਦੂਜੇ ਦੇ ਖੂਨ ਦੇ ਪਿਆਸੇ ਹੋਏ ਨੇ
ਕਿੱਥੇ ਪਿਆਰ ਦੀ ਪਿਆਸ ਤੇ ਕਿੱਥੇ ਖੂਨ ਦੀ ਪਿਆਸ
ਇਹ ਪਿਆਸ ਕਿੱਥੋਂ ਉਪਜੀ

ਕੁਰਸੀ ਤੋਂ
ਕੀਹਦੀ ਕੁਰਸੀ?
ਚੌਧਰ ਦੀ
ਹਰ ਕੋਈ ਖੁਦ ਨੂੰ ਚੌਧਰੀ ਅਖਵਾਉਣਾ ਚਾਹੁੰਦਾ ਏ
ਹੁਣ ਮੁਹੱਬਤ ਨਹੀਂ ਬੱਸ ਪਿਆਰ ਰਹਿ ਗਿਆ
ਸਭ ਨੂੰ ਆਪਣੇ ਮਤਲਬ ਨਾ.ਲ ਪਿਆਰ ਰਹਿ ਗਿਆ

ਸਾਨੂੰ ਕੀ
ਅਸੀਂ ਤਾਂ ਆਪਣੇ ਮਹਿਬੂਬ ਨੂੰ ਪਿਆਰ ਕਰਦੇ ਹਾਂ
ਉਹਦੇ ਰੰਗਾਂ 'ਚ ਰੰਗੇ ਉਹਦਾ ਸਤਿਕਾਰ ਕਰਦੇ ਹਾਂ
ਜਿੰਦਗੀ ਬਹੁਰੰਗੀ ਐ
ਵਾਹ ਉਹ ਮੇਰਿਆ ਦਾਤਿਆ ਤੇਰੇ ਰੰਗ ਨਿਰਾਲੇ ਨੇ
ਭੁੱਖ ਨੰਗ ਗਰੀਬੀ ਬੇਰੁਜ਼ਗਾਰੀ ਸਭ ਹਿੰਦੁਸਤਾਨ ਹਵਾਲੇ ਨੇ
ਰੱਬ ਗਰੀਬੀ ਦਾਅਵੇ ਵਸਦਾ
ਪਰ ਉਹ ਤਾਂ ਭੁੱਖਣਭਾਣੇ ਸੌਂਦੇ ਨੇ
ਸਾਨੂੰ ਕੀ ਇਹ ਗੂੰਗਿਆਂ ਬੋਲ਼ਿਆਂ ਦਾ ਦੇਸ਼ ਹੈ
ਇੱਥੇ ਸਭ ਕੁੱਝ ਚਲਦਾ
ਪਰ ਇਹ ਕਦੋਂ ਤੱਕ ਚੱਲੂ?
ਕਦੋਂ ਤੱਕ ਨਿਰਦੋਸ਼ ਲੋਕਾਂ ਦਾ ਖ਼ੂਨ ਵਹੂ?
ਕਦੋਂ ਤੱਕ ਮਜ਼ਲੂਮਾਂ ਦੀ ਪੱਤ ਲਹੂ?
ਕਦੋਂ ਤੱਕ ਭੁੱਖ ਨਾ.ਲ ਢਿੱਡ ਖਾਲੀ ਰਹੂ?
ਕਦੋਂ ਤੱਕ ਬਾਹੂਬਲੀ ਕੁਰਸੀ ਤੇ ਬਹੂ?
ਏਹ ਤਾਂ ਏਦਾਂ ਹੀ ਚੱਲਦਾ ਰਹੂ
ਬੱਸ ਲੋੜ ਹੈ ਇੱਕ ਇਨਕਲਾਬ ਦੀ
ਪੂਰਨ ਆਜ਼ਾਦੀ ਦੀ
ਹਾਂ, ਅਸੀਂ ਹਾਲੇ ਵੀ ਗੁਲਾਮ ਹਾਂ
ਆਪਣੇ ਹੀ ਦੇਸ਼ ਵਿੱਚ, ਆਪਣਿਆਂ ਹੱਥੋਂ
ਆਉ, ਕੱਠੇ ਹੋ ਕੇ ਹੰਭਲਾ ਮਾਰੀਏ
ਗੁਲਾਮੀ ਦੀਆਂ ਜੰਜ਼ੀਰਾਂ ਉਤਾਰੀਏ
ਇੱਕ ਸੰਪੂਰਨ ਆਜ਼ਾਦ ਦੇਸ਼ ਦੀ ਸਿਰਜਨਾ ਕਰੀਏ
ਤਾਂ ਕੇ ਕਲਮ ਵੀ ਕੁੱਝ ਪਲ ਸਾਹ ਲੈ ਸਕੇ
ਇਹ ਵੀ ਆਜ਼ਾਦ ਧਰਤੀ ਤੇ ਖੁੱਲਾ ਸਾਹ ਲੈ ਸਕੇ
ਤਾਂ ਜੋ ਇਹ ਵੀ ਖੁਦ ਨੂੰ ਆਜ਼ਾਦ ਕਹਿ ਸਕੇ

# ਯਾਰਾਂ ਦਾ ਪਿਆਰ

ਯਾਦਾਂ ਦੀ ਖੁਸ਼ਬੂ ਲੈ ਕੇ ਮੈਂ ਇੱਕ ਹਾਰ ਪਰੋਇਆ ਏ
ਯਾਰਾਂ ਦੇ ਪਿਆਰ ਅੰਦਰ ਲੋਕੋ ਅੱਜ ਦਿਲ ਮੇਰਾ ਰੋਇਆ ਏ

ਮੈਂ ਕਿਸਦੇ ਗਲ਼ ਲੱਗ ਕੇ ਰੋਵਾਂ ਸਭ ਵਾਰੋ ਵਾਰੀ ਰੋਂਦੇ ਨੇ
ਹੰਝੂਆਂ ਦੇ ਨਾਲ ਯਾਦਾਂ ਨੂੰ ਸਭ ਚੇਤੇ ਕਰ ਕਰ ਧੋਂਦੇ ਨੇ
ਕਿਸੇ ਅੱਧ ਟੁੱਟੇ ਸੁਪਨੇ ਦੇ ਵਾਂਗ ਅਰਮਾਨ ਕੋਈ ਅੱਜ ਮੋਇਆ ਏ
ਯਾਦਾਂ ਦੀ ਖੁਸ਼ਬੂ ਲੈ...............................

ਉਹ ਪਲ ਜੋ ਕੱਠਿਆਂ ਬੀਤੇ ਨੇ ਨਾਂ ਲੱਭਿਆ ਕਿਤੇ ਥਿਆਉਣੇ ਨੇ
ਕਈ ਯਾਦ ਰੱਖਣਗੇ ਵਾਅਦਿਆਂ ਨੂੰ ਕਈਆਂ ਨੇ ਕੌਲ ਭੁਲਾਉਣੇ ਨੇ
ਇਹ ਵਕਤ ਕੁਲਿਹਣੇ ਨੇ ਸੱਜਣਾ ਫਿਰ ਪਿਆਰ ਪਿਆਰ ਤੋਂ ਖੋਹਿਆ ਏ
ਯਾਦਾਂ ਦੀ ਖੁਸ਼ਬੂ ਲੈ...............................

ਨਾਂ ਜੱਗ ਤੇ ਕਿਸੇ ਨੇ ਰਹਿਣਾ ਏ ਲਿਖੀਆਂ ਨੂੰ ਕੌਣ ਮਿਟਾ ਸਕਦਾ
ਲੱਭਿਆ ਨਹੀਂ ਅੱਜ ਤੱਕ ਕਿਸੇ ਨੂੰ ਜੋ ਕੋਈ ਵਿਛੜੇ ਸੱਜਣ ਮਿਲਾ ਸਕਦਾ
ਮੇਰੀ ਦਰਦਾਂ ਭਰੀ ਅੱਜ ਦਿਲ ਦੀ ਚੀਸ ਨੇ ਜਾ ਅੰਬਰਾ ਨੂੰ ਛੋਹਿਆ ਏ
ਯਾਦਾਂ ਦੀ ਖੁਸ਼ਬੂ ਲੈ...............................

ਅੱਜ ਦੀ ਘੜੀ ਤੋਂ ਬਾਅਦ ਕਿਸੇ ਨਾਂ ਆ ਕੇ ਦੋਸਤ ਕਹਿਣਾ ਏ
ਫੜ ਕੇ ਹਿਜ਼ਰਾਂ ਦਾ ਪੱਲਾ ਫਿਰ ਜਾ ਧੂਰੀ ਦੇ ਵਿਚ ਬਹਿਣਾ ਏ
ਨੈਣਾਂ ਦੇ ਜਲ ਵਿੱਚ ਅੱਜ ਲੱਗਦਾ ਫਿਰ 'ਭੰਗੂ' ਕਿਧਰੇ ਖੋਇਆ ਏ
ਯਾਦਾਂ ਦੀ ਖੁਸ਼ਬੂ ਲੈ ਕੇ ਮੈਂ ਇੱਕ ਹਾਰ ਪਰੋਇਆ ਏ
ਯਾਰਾਂ ਦੇ ਪਿਆਰ ਅੰਦਰ ਲੋਕੋ ਅੱਜ ਦਿਲ ਮੇਰਾ ਰੋਇਆ ਏ

# ਦਿੱਲੀ ਤੇ ਲਾਹੌਰ

ਕਦੋਂ ਤੱਕ ਦਿੱਲੀ ਤੋਂ ਲਾਹੌਰ ਜੁਦਾ ਰਹਿਣਾ ਏ
ਸਾਂਝੇ ਦਰਦ ਜੁਦਾਈਆਂ ਦੇ ਨੇ ਕਦੋਂ ਕੱਠੇ ਬਹਿਣਾ ਏ

ਇੱਕੋ ਅਰਮਾਨ ਸਾਡੇ ਇੱਕੋ ਫੁਰਮਾਨ ਨੇ
ਇੱਕੋ ਪੀਰ ਮੌਲਾ ਸਾਡੇ ਇੱਕੋ ਹੀ ਅਕਾਸ਼ ਏ
ਦਿਲਾਂ 'ਚ ਮੁਹੱਬਤਾਂ ਨੇ ਹੌਂਕੇ ਇੱਕੋ ਸਾਹਾਂ 'ਚ
ਕਿਹੜੀ ਗੱਲੋਂ ਗੱਲਾਂ ਚ ਨਫਰਤਾਂ ਦਾ ਵਾਸ ਏ
ਕੀ ਦੋ ਗਜ਼ ਟੁਕੜੇ ਨੂੰ ਸਾਡਾ ਸਾਡਾ ਕਹਿਣਾ ਏ
ਕਦੋਂ ਤੱਕ..............................

ਬੜਾ ਚਿਰ ਆਪਣੇ ਨੂੰ ਗੈਰ ਕਹਿਕੇ ਵੇਖ ਲਿਆ
ਬੜਾ ਚਿਰ ਪੀੜਾਂ ਨੂੰ ਉਠਾਕੇ ਪਿੰਡਾ ਸੇਕ ਲਿਆ
ਬੜਾ ਚਿਰ ਹਿੰਸਾ ਦੀਆਂ ਆਤਿਸ਼ਾਂ ਨੂੰ ਹੱਥੀ ਫੜ
ਨਿਰਦੋਸ਼ ਜਿਹੀਆਂ ਕਿੰਨੀਆਂ ਹੀ ਜਾਨਾਂ ਨਾਲ ਖੇਡ ਲਿਆ
ਕੀ ਵਾਰੋ ਵਾਰੀ ਇੱਕੋ ਇਤਿਹਾਸ ਨਾਲ ਖਹਿਣਾ ਏ
ਕਦੋਂ ਤੱਕ..............................

ਜਿਹੜੀ ਖੁਸ਼ੀ ਅੱਜ ਤੱਕ ਸਾਡੇ ਕੋਲੋਂ ਖੁੱਸੀ ਏ
ਅੱਜ ਤੱਕ ਉਹ ਵੀ ਰਹੇ ਉਸੇ ਕੋਲੋਂ ਵਾਂਝੇ ਨੇ
ਚਿਹਰੇ ਤੇ ਮੁਹੱਬਤਾਂ ਦੇ ਇੱਕੋ ਵਾ ਵਰੋਲੇ ਦੇਖੇ
ਇੱਥੋਂ ਤੱਕ 'ਭੰਗੂ' ਹਰ ਗਮ ਸਾਡੇ ਸਾਂਝੇ ਨੇ
ਸਰਹੱਦ ਜੋ ਬਣਾਈ ਉਹਨੇ ਕਦੋਂ ਤੱਕ ਢਹਿਣਾਂ ਨੇ
ਕਦੋਂ ਤੱਕ..............................

ਇੱਕੋ ਖਾਣ ਪੀਣ ਪਹਿਰਾਵੇ ਇੱਕੋ ਬੋਲੀ ਸਾਡੀ
ਦੋਵੇਂ ਪਾਸੇ ਵਸਦੇ ਪੰਜਾਬ ਸਾਡੇ ਆਪਣੇ ਨੇ
ਵਾਰਿਸ ਦਮੋਦਰ ਜਾਂ ਸ਼ਿਵ ਤੁਸੀਂ ਆਖ ਲਵੋ
ਮਨਾਂ ਵਿੱਚ ਉੱਠਦੇ ਖਿਆਲ ਸਾਡੇ ਆਪਣੇ ਨੇ
ਸਾਹਿਤ ਸੰਗੀਤ ਸਾਝਾਂ ਵਿਰਸੇ ਦਾ ਗਹਿਣਾ ਏ
ਕਦੋਂ ਤੱਕ ਦਿੱਲੀ ਤੋਂ ਲਾਹੌਰ ਜੁਦਾ ਰਹਿਣਾ ਏ
ਸਾਂਝੇ ਦਰਦ ਜੁਦਾਈਆਂ ਦੇ ਨੇ ਕਦੋਂ ਕੱਠੇ ਬਹਿਣਾ ਏ

# ਜਵਾਨੀ

ਨਸ਼ਿਆਂ ਦੇ ਵੱਸ ਪੈ ਕੇ ਕਿੰਝ ਜਵਾਨੀ ਵਿਗੜ ਗਈ
ਗਲੀਆਂ ਦੇ ਵਿੱਚ ਇੱਜ਼ਤ ਰੋਲੀ ਪੁੱਤ ਸਰਦਾਰਾਂ ਨੇ
ਇੱਕ ਨਸ਼ੇ ਇੱਕ  ਬੇਰੁਜਗਾਰੀ ਲੈ ਡੁੱਬੇਗੀ ਮੇਰੇ ਵਤਨਾਂ ਨੂੰ
ਰਹਿੰਦੀ ਕਸਰ ਹੈ ਕੱਢੀ ਸਮੇਂ ਦੀਆਂ ਸਰਕਾਰਾਂ ਨੇ
ਫੈਸ਼ਨ ਦੇ ਵਿਚ ਰੁਲ ਗਏ ਚੁੰਨੀ ਚਰਖੇ ਗੋਟੇ ਜੀ
ਥੋੜੀ ਕਲਚਰ ਦੇ ਵਿੱਚ ਚੇਂਜ ਹੈ ਕੀਤੀ ਹੁਣ ਮੁਟਿਆਰਾਂ ਨੇ
ਕੁਸ਼ਤੀ ਭੁੱਲੀ, ਗਈ ਕੱਬਡੀ, ਗੁੱਲੀ ਡੰਡੇ ਵਿੱਸਰ ਗਏ
ਹੁਣ ਨਵੀਂ ਹਵਾ ਹੈ ਫੜੀ ਜਵਾਨੀ ਦੀਆਂ ਇਹ ਡਾਰਾਂ ਨੇ
ਜੋ ਸੱਤ ਸਮੁੰਦਰੋਂ ਪਾਰ ਗਏ ਉਹ ਰੋਂਦੇ ਰਹਿੰਦੇ ਨੇ
ਵਤਨ ਸਿਆਪੇ ਨਿੱਤ ਦੇ ਨੇ ਇਹ ਸਭ ਨੂੰ ਸਾਰਾਂ ਨੇ
ਦਿਲ ਦੀਆਂ ਦਿਲ ਵਿੱਚ ਰੱਖਕੇ ਕਈ ਪਰਤ ਘਰਾਂ ਨੂੰ ਗਏ
ਹੁਸਨ ਦੇ ਅੱਗੇ ਜ਼ੋਰ ਨਹੀ ਚਲਦੇ ਕੁੱਝ ਹਥਿਆਰਾਂ ਦੇ
ਭਲਾ ਹੋਵੇ ਉਹਨਾਂ ਦਾ ਜਿਹੜੇ ਸਾਨੂੰ ਚਾਹੁੰਦੇ ਨੇ
ਵੱਸਦੇ ਰਹਿਣ ਉਹ ਜਿੰਨਾਂ ਕੋਲ ਸਾਡੇ ਲਈ ਖਾਰਾਂ ਨੇ
ਕਦਰਦਾਨ ਉਹ ਕਦਰ ਪਾਵੇ ਜੋ ਕਾਲੇ ਰੰਗ ਦੀ ਵੀ
ਉਂਝ ਗੋਰੇ ਰੰਗ ਦੇ ਗਾਹਕ ਤਾਂ ਮਿਤੱਰੋ ਬੜੇ ਹਜ਼ਾਰਾਂ ਨੇ
ਹੁਣ ਤਾਂ ‘ਭੰਗੂ’ ਦੁਨੀਆਂ ਤੇ ਦਸਤੂਰ ਨਵਾਂ ਬਣਨੈ
ਜੋ ਯਾਰੀ ਦੀ ਕਦਰ ਕਰੂ ਉਹਨੂੰ ਲੁੱਟਣਾ ਯਾਰਾਂ ਨੇ

# ਗਮਖ਼ਾਰ

ਅੱਜ ਫਿਰ ਯਾਦ ਆ ਗਈ ਉਸ ਗਮਖਾਰ ਦੀ

ਬਣ ਕੇ ਅਧੂਰਾ ਖੁਆਬ ਅੱਖਾਂ ਚੋਂ ਅਲੋਪ ਹੋ ਗਈ
ਬੁੱਲ ਚਿੱਥ ਰੋਈਏ ਅਸੀਂ ਉਹਦੀ ਤਸਵੀਰ ਖੋ ਗਈ
ਗਮਾਂ ਦੀ ਮਧਾਣੀ ਵਿੱਚ ਰਿੜਕੇ ਗਏ ਸਾਹ ਸਾਡੇ
ਸੁੰਨੇ ਸ਼ਮਸ਼ਾਨ 'ਚ ਬੇ ਵਾਰਿਸੀ ਜਿਹੀ ਲਾਸ਼ ਖੋ ਗਈ
ਹਿਜਰ ਪੁਜਾਰੀ ਬਣੇ ਪੂਜਾ ਹੋਵੇ ਪਿਆਰ ਦੀ
ਅੱਜ ਫਿਰ ਯਾਦ..........................

ਸੁਣ ਨਾਮੁਰਾਦ ਤੇਰੀ ਹੋਏ ਹਰ ਮੁਰਾਦ ਪੂਰੀ
ਅਸੀਂ ਤੇ ਬਹਾਰਾਂ ਵਾਲੇ ਪੱਤਿਆ ਨੂੰ ਕੱਟ ਦਿੱਤਾ
ਸ਼ੁਣ ਕੇ ਆਵਾਜ਼ ਤੇਰੇ ਪੈਰਾਂ ਦੀ ਇਹ ਪੱਤਿਆਂ ਤੇ
ਖੁਸ਼ੀਆਂ ਦੇ ਨਾਲ ਅਸੀਂ ਗਮਾਂ ਨੂੰ ਹੈ ਢੱਕ ਦਿੱਤਾ
ਪਿਆਰ ਵਿੱਚ ਹੋਂਦ ਨਹੀਂ ਹੁੰਦੀ ਤਕਰਾਰ ਦੀ
ਅੱਜ ਫਿਰ ਯਾਦ..........................

ਮੀਂਹ ਤੋਂ ਪਹਿਲਾਂ ਪਵੇ ਜਿਹੜੀ ਉਹੋ ਕਣੀ ਹੋ ਗਏ ਹਾਂ
ਬੱਦਲਾਂ ਦੀ ਗਰਜ਼ਾਂ ਚ ਹੌਂਕੇ ਲੁਕੋ ਗਏ ਹਾਂ
ਸਾਜ਼ ਨਾਲੋਂ ਟੁੱਟ ਕੇ ਵੀ ਵੱਜੇ ਜਿਹੜਾ ਤਾਲ ਹੋਏ
ਤੇਰੇ ਬਿਨਾਂ ਇੱਕ ਨਵਾਂ ਸੁਰ ਵੀ ਪਰੋ ਗਏ ਹਾਂ
'ਭੰਗੂ' ਤਾਂ ਮਿਸਾਲ ਹੋਇਆ ਕੀਤੇ ਇਕਰਾਰ ਦੀ
ਅੱਜ ਫਿਰ ਯਾਦ ਆ ਗਈ ਉਸ ਗਮਖਾਰ ਦੀ

# ਯੋਗ

ਠੰਡੀ ਹਵਾ ਦੇ ਬੁੱਲੇ ਵਿੱਚੋਂ ਇੱਕ ਉਧਾਰਾ ਸਾਹ ਲੈਣਾ ਏ
ਤਾਜ਼ੇ ਪਾਣੀ ਦੀ ਖੁਸ਼ਬੋ ਦਾ ਲੈਣਾ ਚਾਹੁੰਦਾ ਇੱਕ ਨਜ਼ਾਰਾ
ਹਰੇ ਰੰਗ ਦੀ ਉਹ ਹਰਿਆਲੀ ਚੇਤੇ ਦੇ ਵਿੱਚ ਅੱਜ ਵੀ ਤਾਜੀ
ਹਰ ਰਿਸ਼ਤੇ ਦੇ ਪੈਰੋਕਾਰ ਮੈਂ ਮੰਗਦਾ ਹਾਂ ਅੱਜ ਰੁੱਖ ਦੁਬਾਰਾ
ਨਸ਼ਿਆ ਦੇ ਵਿਚ ਡੁੱਬਦੀ ਜਾਂਦੀ ਦੁਨੀਆਂ ਭਰ ਦੀ ਆਵਾਜਾਈ
ਧੱਕਾ ਲਾ ਕੇ ਵੀ ਨਹੀਂ ਚੱਲਣੇ ਲੱਭਣਾ ਪਊ ਕੋਈ ਫੇਰ ਸਹਾਰਾ
ਲ਼ਾਲਚ, ਗੁੱਸਾ, ਹਉਮੈ, ਨਫਰਤ ਹਰ ਇੱਕ ਮਨ ਤੇ ਭਾਰ ਬਣੇ ਨੇ
ਤੰਦ ਭਰੋਸੇ ਵਾਲੀ ਟੁੱਟੀ ਰਿਸ਼ਤਾ ਹੋ ਗਿਆ ਹਰ ਇੱਕ ਖਾਰਾ
ਲੋੜ ਹੈ ਮਨ ਦੀ ਸਬਰ ਸ਼ਾਂਤੀ ਕੁੱਝ ਨਿਯਮਾਂ ਦੀ ਪਹਿਰੇਦਾਰੀ
ਬਣ ਜਾ ਸੱਚਾ ਤੂੰ ਬ੍ਰਹਮਚਾਰੀ ਬੜੀ ਸਮੱਸਿਆ ਬੋਝ ਹੈ ਭਾਰਾ
ਯੋਗ ਸਾਧਨਾ ਦੇ ਰਾਸਤੇ ਤੇ ਪੈ ਜਾਊ ਇੱਕ ਦਿਨ ਆਲਮ ਸਾਰਾ
ਨਿਰਮਲ ਦੇ ਨਾਲ ਨਿਰਮਲ ਕਰ ਲੈ ਤਨ ਮਨ ਨਾਲ ਆਤਮਾ ਸਾਰੀ
ਆਖਰ ਨੂੰ ਪਛਤਾਂਏਂਗਾ ਫੇਰ ਨਹੀਂ ਚੱਲਣਾ ਜਦ ਫਿਰ ਕੋਈ ਚਾਰਾ
ਤੜਕੇ ਉੱਠ ਕੇ ਖਿੱਚ ਤਿਆਰੀ ਵੱਡੇ ਯੁੱਧ ਦੀ ਆਈ ਵਾਰੀ
'ਭੰਗੂ' ਜਿਗਰਾ ਤਕੜਾ ਕਰ ਲੈ ਖੁਦ ਨੂੰ ਨਾਂ ਲਾ ਹੋਰ ਕੋਈ ਲਾਰਾ

ਯੋਗ ਗੁਰੂ ਸ: ਨਿਰਮਲ ਸਿੰਘ ਜੀ ਨੂੰ ਸਮਰਪਿਤ

# ਉਡੀਕ

ਅੱਜ ਨਿੱਘੀ ਬਰਸਾਤ ਦੀ ਪੈਂਦੀ ਕਣੀ ਚ ਭਿੱਜ ਗਈ ਮੈਂ ਅੜਿਆ
ਠੰਡੀ ਹਵਾ ਦਾ ਹਰ ਇੱਕ ਬੁੱਲਾ ਬਣ ਸੌਂਕਣ ਮੇਰੇ ਨਾਲ ਲੜਿਆ
ਚੀਸ ਕਲੇਜੇ ਦੇ ਵਿੱਚ ਗੁੱਝੀ ਸੁੱਕੇ ਸੱਕ ਬੁੱਲਾਂ ਤੇ ਉੱਘੜੇ
ਇਕ ਹੱਥ ਦੇ ਵਿੱਚ ਫੋਟੋ ਤੇਰੀ ਦੂਜੇ ਦੇ ਵਿੱਚ ਪੱਲਾ ਫੜਿਆ
ਦੂਰ ਦੁਰਾਡੇ ਜਿੱਥੋਂ ਤੱਕ ਵੀ ਨਿਗਾਹ ਅੱਪੜਦੀ ਧੁੰਦਲੀ ਧੁੰਦਲੀ
ਸੋਚ ਮੇਰੀ ਨੇ ਟੱਪ ਦਰਵਾਜੇ ਜਿਹੜਾ ਮਿਲਿਆ ਉਹ ਰਾਹ ਫੜਿਆ
ਤੈਨੂੰ ਲੱਭਦੀ ਆਪ ਗਵਾਚੀ ਖੇਡਾਂ ਇੰਝ ਜਿਉਂ ਲੁਕਣ ਮਿਚਾਈਆਂ
ਪੋਲੇ ਪੈਰੀਂ ਇੱਕ ਭਟਕਣ ਨੇ ਬੋਚ ਅੱਖਾਂ ਤੋਂ ਆਣ ਜਿਉਂ ਫੜਿਆ
ਕਦੇ ਹਸਾ ਕੇ ਕਦੇ ਬੁਲਾ ਕੇ ਕੋਲੋਂ ਦੀ ਲੰਘ ਜਾਦਾਂ ਸੈਂ ਤਦ
ਹਾਲੇ ਤਕ ਖੁਮਾਰੀ ਦਿਲ ਨੂੰ ਨਸ਼ਾ ਨਸਾਂ ਵਿੱਚ ਐਸਾ ਚੜਿਆ
ਤੂੰ ਪਰਤੇਂਗਾ ਜਾ ਮੈਂ ਆਵਾਂ ਕੀ ਤਾਰੀਕ ਉਡੀਕ ਬਣੇਗੀ
ਦਿਲ ਮੇਰਾ ਕਮਜੋਰ ਬੜਾ ਏ ਕੱਚੇ ਕੱਚ ਵਿੱਚ ਪਾਰਾ ਮੜ੍ਹਿਆ
ਇਹ ਨਾਂ ਹੋਵੇ ਤੂੰ ਖੋ ਜਾਵੇ ਦੁਨੀਆ ਦੇ ਵਿੱਚ ਭੀੜ ਬੜੀ ਏ
ਨੈਣ ਬੜੇ ਨੇ ਟੂਣੇਹਾਰੇ ਖ਼ਬਰਦਾਰ ਜੇ ਭੀੜ ਚ ਵੜਿਆ
ਨਜਰ ਸਵੱਲੀ ਲੱਭ ਲਵੀਂ ਕੋਈ ਨਜ਼ਰ ਨਜ਼ਰ ਦਾ ਬੜਾ ਫਰਕ ਏ
ਤੈਨੂੰ ਨਜ਼ਰ ਨਾਂ ਲੱਗੇ ਜੱਗ ਦੀ ਸਹੁੰ ਮੇਰੀ ਜੇ ਨਜ਼ਰੀਂ ਚੜਿਆ
ਰੱਖ ਭਰੋਸਾ ਸੱਚੇ ਰੱਬ ਤੇ ਮੈਂ ਤਾ ਦਿਲ ਸਮਝਾ ਲਿਆ ਏ ਹੁਣ
ਤੂੰ ਵੀ 'ਭੰਗੂ' ਦਿਲ ਨਾਂ ਛੱਡੀ ਇਮਤਿਹਾਨ ਇਹ ਇਸ਼ਕ ਦਾ ਅੜਿਆ

# ਹੰਝੂ

ਮੈਂ ਬੜਾ ਰੋਕਦਾ ਨੈਣਾਂ ਨੂੰ ਇਹ ਰੁਕਦੇ ਕਿਉਂ ਨਹੀਂ ਪਤਾ ਨਹੀਂ
ਇਹ ਬਣ ਜਾਂਦੇ ਕੋਈ ਚੀਸ ਜਿਹੀ ਕਹਿੰਦੇ ਕੋਈ ਸਾਡੀ ਖਤਾ ਨਹੀਂ
ਫਿਰ ਬਣਦੇ ਦਰਦ ਕਹਾਣੀ ਮੇਰੇ ਪਿਆਰ ਦੀ ਨੇ
ਇਹ ਹੰਝੂ ਵੀ ਸੌਗਾਤ ਤਾਂ ਮੇਰੇ ਯਾਰ ਦੀ ਨੇ

ਮੈਂ ਹਰ ਇੱਕ ਵਾਜ਼ਿਬ ਕਦਮ ਉਠਾ ਕੇ ਵੇਖ ਲਿਆ
ਤੇਰੀ ਹਰ ਗ਼ਲਤੀ ਤੇ ਪਰਦਾ ਪਾ ਕੇ ਵੇਖ ਲਿਆ
ਹਾਲੇ ਮੇਰੇ ਗੀਤਾਂ ਦੀ ਹੀ ਉਮਰ ਨਿਆਣੀ ਏ
ਮੈਂ ਇੱਕ ਤਗ਼ਾਜ਼ਾ ਉਮਰ ਦਾ ਲਾ ਕੇ ਵੇਖ ਲਿਆ
ਇਹ ਗੀਤ ਵੀ ਕਿੱਸੇ ਕਿਸਮਤ ਦੇ ਤਕਰਾਰ ਦੀ ਨੇ
ਇਹ ਹੰਝੂ ਵੀ ਸੌਗਾਤ..................

ਤੇਰੇ ਕੋਲੇ ਬਹਿ ਕੇ ਦੁੱਖ ਸੁੱਖ ਫੋਲਾਂ ਮੈਂ
ਮੇਰੇ ਤਾਂ ਅਰਮਾਨ ਇਹ ਵਿੱਚੇ ਰਹਿ ਗਏ ਨੇ
ਤੇਰੇ ਬੋਲ ਉਹ ਅਮ੍ਰਿੰਤ ਦੀ ਬਰਸਾਤ ਜਿਹੇ
ਉਹ ਬੋਲ ਤੇਰੇ ਬਿਨ ਬੋਲੇ ਸਭ ਕੁੱਝ ਕਹਿ ਗਏ ਨੇ
ਇਹ ਹਰਫ਼ ਵੀ ਤਾਂ ਤਸਵੀਰ ਮੇਰੇ ਕਿਰਦਾਰ ਦੀ ਨੇ
ਇਹ ਹੰਝੂ ਵੀ ਸੌਗਾਤ..................

ਜਦ ਕਦੇ ਦੁਨੀਆਂ ਦੀ ਭੀੜ ਤੋਂ ਅੱਕ ਜਾਵਾਂ
ਜਾਂ ਤਨਹਾਈਆਂ ਦੇ ਮੈਂ ਭਾਰ ਤੋਂ ਥੱਕ ਜਾਵਾਂ
ਕਿਧਰੇ ਸ਼ਾਂਤ ਜਿਹੀ ਨੁੱਕਰ ਲੈ ਯਾਦਾਂ ਨੂੰ
ਲੋਰੀ ਦੇ ਕੇ ਯਾਰ ਸਵਾਉਂਦਾ ਸੌਂ ਜਾਵਾਂ
ਸਭ ਸੌਦੇ ਇਹ ਤਾਂ 'ਭੰਗੂ' ਦੇ ਇਕਰਾਰ ਦੀ ਨੇ
ਇਹ ਹੰਝੂ ਵੀ ਸੌਗਾਤ ਤਾਂ ਮੇਰੇ ਯਾਰ ਦੀ ਨੇ
ਇਹ ਹੰਝੂ ਵੀ ਸੌਗਾਤ ਤਾਂ ਮੇਰੇ ਯਾਰ ਦੀ ਨੇ

# ਅਰਥੀ

ਹੈ ਮੇਰੀ ਸੋਚ ਤੋਂ ਪਰ੍ਹੇ ਉਹੋ ਕੀ ਸ਼ਾਮ ਹੋਵੇਗੀ
ਜਦੋਂ ਅਰਥੀ ਮੇਰੀ ਉੱਠੂ ਅਜਬ ਹੀ ਸ਼ਾਨ ਹੋਵੇਗੀ
ਕੋਈ ਮੰਨੇ ਜਾਂ ਨਾਂ ਮੰਨੇ ਇਹੇ ਵੀ ਖਬਰ ਹੋਣੀ ਏ
ਉਹ ਗੱਲ ਹੈ ਵੱਖ ਕਿਸੇ ਲਈ ਖਾਸ ਕਿਸੇ ਲਈ ਆਮ ਹੋਵੇਗੀ
ਕੋਈ ਹੱਸੂ ਕੋਈ ਰੋਊ ਕੋਈ ਦਿਲ ਤੋਂ ਦੁਖੀ ਹੋਊ
ਕਿਸੇ ਲਈ ਉਹ ਘੜੀ ਰੱਬ ਵਾਸਤੇ ਇਲਜ਼ਾਮ ਹੋਵੇਗੀ
ਗੂੜੀ ਉਹ ਨੀਂਦ ਹੋਣੀ ਏ ਖੌਰੇ ਕੀ ਹੋਣਗੇ ਸੁਪਨੇ
ਕੀ ਪਤਾ ਸੁਬਾਹ ਕੈਸੀ ਤੇ ਕਿਹੋ ਜਿਹੀ ਸ਼ਾਮ ਹੋਵੇਗੀ
ਮੇਰੀ ਮਾਂ  ਰੋਂਦੀ ਹੋਵੇਗੀ ਕਿਸੇ ਕੋਨੇ ਦੇ ਵਿੱਚ ਬੈਠੀ
ਉਹਦੀ ਹਰ ਘੜੀ ਖੁਦਾ ਦੇ ਨਾਲ ਜਿਵੇਂ ਇੰਤਕਾਮ ਹੋਵੇਗੀ
ਉਹ ਭੈਣਾ ਤੇ ਭਰਾਵਾਂ ਨੂੰ ਦਿਲ ਦੇ ਉਜੜੇ ਜੇ ਚਾਵਾਂ ਨੂੰ
ਆਖਾਂ ਕੀ ਦੋਸਤੋ ਕਿਸ ਨੂੰ ਹਸ਼ਰ ਦੀ ਸ਼ਾਮ ਹੋਵੇਗੀ
ਕੋਈ ਅਥੱਰੂ ਵਹਾਵੇਗਾ ਕੋਈ ਮਹਿਫਿਲ ਸਜਾਵੇਗਾ
ਕੀ ਪਤਾ ਕਿਸੇ ਲਈ ਉਹ ਘੜੀ ਖੁਸ਼ੀ ਦੇ ਜਾਮ ਹੋਵੇਗੀ
ਇਸ਼ਕ ਦੇ ਵਿੱਚ ਭਿੱਜੀ ਗੱਚ ਤੱਕੇਗੀ ਰੂਹ ਉਹ ਮੇਰਾ ਰਾਹ
ਖੌਰੇ ਪਰਛਾਵੇਂ ਵਾਗੂੰ ਉਹ ਮੇਰੀ ਮਹਿਮਾਨ ਹੋਵੇਗੀ
ਕੋਈ ਆਖੂ ਮੈਂ ਏਦਾਂ ਸੀ ਕੋਈ ਆਖੂ ਮੈਂ ਉਦਾਂ ਸੀ
ਮੇਰੇ ਕਿਰਦਾਰ ਦੀ ਅਸਲੀ ਇਹੀ ਪਹਿਚਾਣ ਹੋਵੇਗੀ
ਅਸੀਂ ਨੇ ਤੁਰ ਹੀ ਜਾਣਾ ਨਾਂ ਕਿਸੇ ਦੇ ਰੋਕਿਆਂ ਰੁਕਣਾ
ਇਹ ਕੌੜਾ ਸੱਚ ਹੈ ਭਾਵੇਂ ਮਿੱਟੀ ਅੰਜਾਮ ਹੋਵੇਗੀ
ਮੈਂ ਕੀ ਖੱਟਿਆ ਜਾਂ ਖੱਟਾਗਾਂ ਮੈਨੂੰ ਇਹ ਸੋਚ ਰਹਿੰਦੀ ਏ
ਇਹ ਮੇਰੀ ਸੋਚ ਹੀ ਹੈ ਜੋ ਕਦੇ ਬਦਨਾਮ ਹੋਵੇਗੀ
ਤੂੰ 'ਭੰਗੂ' ਜੋੜ ਲੈ ਜੁੜਦਾ ਤੇਰੇ ਤੋਂ ਜੋਰ ਲਾ ਕੇ ਜੋ
ਆਖਰ ਨੂੰ ਇੱਕੋ ਤੀਲੀ ਬੱਸ ਤੇਰੀ ਤੇਰੇ ਨਾਮ ਹੋਵੇਗੀ

## ਗੁਫ਼ਤਗੂ

ਜੇ ਦੋ ਕੁ ਘੁੱਟ ਜਿਹੇ ਪੀਣ ਦਾ ਅੱਜ ਹੌਸਲਾ ਮੈਂ ਕਰ ਲਿਆ
ਉਹ ਛਲਕਦੇ ਸਨ ਨੈਣ ਦੋ ਮੈਂ ਇੱਕ ਪਿਆਲਾ ਭਰ ਲਿਆ
ਉਹ ਆਖਦੇ ਕਿਉਂ ਦੇਖਦਾਂ ਮੈਂ ਦੇਖ ਕੇ ਕੀ ਆਖਣਾ
ਇੱਕ ਹੁਸਨ ਦਾ ਸੀ ਵਲਵਲਾ ਮੈਂ ਅੱਖਾਂ 'ਚ ਕੈਦੀ ਕਰ ਲਿਆ
ਇੱਕ ਤਿੱਖੀ ਜਿਹੀ ਤਲਵਾਰ ਨੂੰ ਸੀਨੇ 'ਚ ਪੈਂਦੀ ਧਾਰ ਨੂੰ
ਇੱਕ ਪਲ ਮੈਂ ਕਰ ਕੇ ਹੌਸਲਾ ਹੱਥਾਂ 'ਚ ਕਾਬੂ ਕਰ ਲਿਆ
ਉਹ ਸੀ ਨਜ਼ਾਰਾ ਵਕਤ ਦਾ ਤੇ ਦੋ ਦਿਲਾਂ ਦੀ ਗੁਫ਼ਤਗੂ
ਮੈਂ ਬੋਚਕੇ ਇਲਜ਼ਾਮ ਵੀ ਸੀ ਆਪਣੇ ਸਿਰ ਕਰ ਲਿਆ
ਜੇ ਭੋਰਾ ਕਿਧਰੇ ਹੋਸ਼ ਹੁੰਦਾ ਜ਼ੁੱਅਰਤ ਨਾਂ ਏਡੀ ਹੋਣੀ ਸੀ
ਇਹ ਜੇਰਾ ਸੀ ਜੋ ਮੇਰਾ ਸੀ ਜੋ ਅੱਗ ਉੱਤੇ ਤਰ ਲਿਆ
ਲਫ਼ਜ਼ਾਂ ਦੀ ਹੋਣੀ ਘਾਟ ਹੈ ਜੋ ਬਾਤ ਉਸਦੀ ਖਾਸ ਹੈ
ਇਹ ਕਰਨੀ ਐ ਕੋਈ ਕਲਮ ਦੀ ਇੱਕ ਵਰਕਾ ਕਿੱਦਾਂ ਭਰ ਲਿਆ
ਉਹਦੇ ਕਾਸ਼ਨੀ ਜਿਹੇ ਰੰਗ ਦਾ ਗੱਲ੍ਹਾਂ ਦੇ ਵਿਚਲੀ ਸੰਗ ਦਾ
ਇਉਂ ਜਾਪਿਆ ਕਿਰਦਾਰ ਉਹ ਮੈਂ ਆਪਣੇ ਵਿੱਚ ਭਰ ਲਿਆ
ਕਿਉਂ ਜੋ ਮੁੱਖੜੇ ਤੇ ਨੂਰ ਸੀ ਤਾਂਹੀ ਹੁਸਨ ਦਾ ਗਰੂਰ ਸੀ
ਉਹਦੇ ਆਕੜਾਂ ਦੇ ਥੱਬੇ ਨੂੰ ਮੈਂ ਕੱਲਾ ਕੱਲਾ ਕਰ ਲਿਆ
ਇਹ ਇਸ਼ਕ ਦਾ ਅਹਿਸਾਸ ਸੀ ਜੋ ਬੀਜ ਆਪਣਾ ਬੋ ਗਿਆ
ਉਹ ਜਿੱਤ ਤੋਂ ਅਣਜਾਣ ਸੀ 'ਭੰਗੂ' ਜਾਣ ਬੁੱਝ ਕੇ ਹਰ ਲਿਆ

# ਪੰਜਾਬੀ

ਰੰਗਲੇ ਪੰਜਾਬ ਦੀ ਇਹ ਸ਼ਾਨ ਬਣ ਜਾਂਦੇ ਨੇ
ਰੌਣਕਾਂ ਦੇ ਮੇਲੇ 'ਚ ਤੂਫਾਨ ਬਣ ਜਾਂਦੇ ਨੇ

ਇਸ਼ਕੇ ਦੀ ਗੱਲ ਕਿਤੇ ਤੁਰੀ ਹੋਵੇ ਸੋਹਣਿਆ ਤਾਂ
ਸੋਹਣੀ ਜਿਹੀ ਕੁੜੀ ਦਾ ਖਿਆਲ ਬਣ ਜਾਂਦੇ ਨੇ
ਹੋਵੇ ਕਦੇ ਅਣਖ ਲੜਾਈ ਦਾ ਸਵਾਲ ਕਿਤੇ
ਯੋਧੇ ਸਾਡੇ ਜੰਗ ਦੀ ਮਿਸਾਲ ਬਣ ਜਾਂਦੇ ਨੇ
ਸ਼ਾਂਤੀ ਦਾ ਜੱਗ ਤੇ ਪੈਗਾਮ ਬਣ ਜਾਂਦੇ ਨੇ
ਰੰਗਲੇ ਪੰਜਾਬ ਦੀ ਇਹ ਸ਼ਾਨ ਬਣ ਜਾਂਦੇ ਨੇ

ਹੁਸਨ ਨਜ਼ਾਕਤਾਂ ਦੀ ਗੱਲ ਜੇ ਚਲਾਉਗੇ ਤਾਂ
ਮਹਿਕਾਂ ਨਾਲ਼ ਖਿੜਿਆ ਗੁਲਾਬ ਬਣ ਜਾਣਗੇ
ਇਸ਼ਕ ਇਬਾਦਤਾਂ ਗੱਲ ਜੇ ਚਲਾਉਗੇ ਤਾਂ
ਰਾਂਝੇ ਪੁਨੂੰ ਹੋਰਾਂ ਦਾ ਮੁਕਾਮ ਬਣ ਜਾਣਗੇ
ਲੋੜ ਪਵੇ ਵੇਦਾਂ ਦਾ ਈਮਾਨ ਬਣ ਜਾਂਦੇ ਨੇ
ਰੰਗਲੇ ਪੰਜਾਬ ਦੀ ਇਹ ਸ਼ਾਨ ਬਣ ਜਾਂਦੇ ਨੇ

ਹੋਰ ਦੱਸੋ ਕਰਾਂ ਕੀ ਮੈਂ ਸਿਫਤ ਪੰਜਾਬੀਆਂ ਦੀ
ਆਪਣੇ ਪੰਜਾਬ ਲਈ ਇਹ ਜਿੰਦ ਜਾਨ ਵਾਰਦੇ ਨੇ
ਪਿਆਰ ਵਾਲ਼ੀ ਖੁੱਲੀ ਇਹ ਲੱਗਦੇ ਕਿਤਾਬ ਨੇ
ਧੁਖਦੀ ਨਫ਼ਰਤਾਂ ਦੀ ਅੱਗ ਨੂੰ ਵੀ ਠਾਰਦੇ ਨੇ
ਭੰਗੜੇ ਦੀ 'ਭੰਗੂ' ਜਿੰਦ ਜਾਨ ਬਣ ਜਾਂਦੇ ਨੇ
ਰੰਗਲੇ ਪੰਜਾਬ ਦੀ ਇਹ ਸ਼ਾਨ ਬਣ ਜਾਂਦੇ ਨੇ
ਰੌਣਕਾਂ ਦੇ ਮੇਲੇ 'ਚ ਤੂਫਾਨ ਬਣ ਜਾਂਦੇ ਨੇ

# ਸੋਚ

ਸੋਚਦਾ ਹਾਂ ਸੋਚ ਮੇਰੀ ਨੂੰ ਕਿੱਥੋਂ ਤੱਕ ਭਜਾਊਂਗਾ ਮੈਂ
ਵਕਤ ਨਾਲ਼ ਹੀ ਸੁਲਝਾਂਗਾ ਜਾਂ ਖ਼ੁਦ ਹੀ ਬਹਿ ਸਮਝਾਊਂਗਾ ਮੈਂ
ਮਾਰ ਉਡਾਰੀ ਚੰਨ ਧੌਣ ਤੋਂ ਕਦੇ ਫੜਨ ਨੂੰ ਦਿਲ ਕਰਦਾ ਏ
ਕਦੇ ਸੋਚਦਾਂ ਉਸੇ ਨੂੰ ਹੀ ਆਪਣੇ ਕੋਲ ਬੁਲਾਊਂਗਾ ਮੈਂ
ਕੌਣ ਰੋਕ ਹੈ ਸਕਦਾ ਮਿੱਤਰੋ ਵਧਦੀ ਜਾਂਦੀ ਪਿਆਸ ਦਿਨੋ ਦਿਨ
ਇੰਝ ਲੱਗਦਾ ਏ ਇੱਕੋ ਘੁੱਟ ਵਿੱਚ ਸਾਰੀ ਪਿਆਸ ਬੁਝਾਊਂਗਾ ਮੈਂ
ਪਤਾ ਨਹੀਂ ਕੀ ਕਰਨਾ ਚਾਹੁੰਦਾ ਕੀਹਦੇ ਨਾਲ਼ ਮੈਂ ਲੜਨਾ ਚਾਹੁੰਦਾ
ਕਦੇ ਕਿਸੇ ਨੂੰ ਮਾਰਾਂਗਾ ਜਾਂ ਖ਼ੁਦ ਹੀ ਕਤਲ ਕਰਾਊਂਗਾ ਮੈਂ
ਸੱਚ ਪੁੱਛੋਂ ਤਾਂ ਖ਼ੁਦ ਡਰ ਜਾਨਾਂ ਆਪਣੇ ਹੀ ਪਰਛਾਵੇਂ ਤੋਂ ਮੈਂ
ਕਦੇ ਸਿਕੰਦਰ ਵਾਂਗੂ ਲੱਗਦਾ ਦੁਨੀਆਂ ਅੱਗੇ ਲਾਊਂਗਾ ਮੈਂ
ਚੰਦ ਕੁ ਚਾਅ ਕੁਆਰੇ ਝੋਲੀ ਪਾ ਕੇ ਆ ਗਿਆ ਮੁਲਕ ਬੇਗਾਨੇ
ਕਦੇ ਸੋਚਾਂ ਜੇ ਕੁੱਝ ਨਾਂ ਖੱਟਿਆ ਕਿਹੜੇ ਖੂਹ ਵਿੱਚ ਜਾਊਂਗਾ ਮੈਂ
ਇੱਕ ਸੋਚਦਾਂ ਮਾਇਆ ਦੇ ਨਾਲ਼ ਭਰ ਦੇਣੇ ਮੈਂ ਮਹਿਲ ਮੁਨਾਰੇ
ਝੱਲੇ ਮਨ ਨੂੰ ਸਮਝ ਨਾਂ ਪੈਂਦੀ ਏਥੇ ਈ ਸਭ ਛੱਡ ਜਾਊਂਗਾ ਮੈਂ
ਤਿਣਕਾ ਤਿਣਕਾ ਕਰ ਕਰਕੇ ਮੈਥੋਂ ਜੁੜਿਆ ਨਾਂ ਜੇ ਇੱਕ ਵੀ ਢਾਰਾ
ਸੋਹਣੇ ਉਸ ਮਹਿਬੂਬ ਨੂੰ ਆਪਣੇ ਕਿਹੜਾ ਮੁੱਖ ਦਿਖਾਉਂਗਾ ਮੈਂ
ਕਦੇ ਖੁਸ਼ੀ ਵਿੱਚ ਖੀਵਾ ਹੋ ਕੇ ਫੁੱਲਾਂ ਵਾਂਗੂੰ ਖਿੜ ਜਾਂਦਾ ਹਾਂ
ਦੁਖੀ ਆਤਮਾ ਕਦੇ ਸੋਚਦੀ ਹੰਝੂਆਂ ਵਿੱਚ ਡੁੱਬ ਜਾਉਂਗਾ ਮੈਂ
ਮਾਂ ਦੇ ਹੰਝੂ ਪਿਉ ਦੀ ਚਿੰਤਾ ਭੈਣਾਂ ਦੇ ਅੱਧ ਰਿੜਕੇ ਸੁਪਨੇ
ਕਦੇ ਸੋਚਦਾਂ ਕੱਚੀ ਉਮਰੇ ਕਿੰਨਾ ਪੱਕਾ ਬਣ ਜਾਉਂਗਾ ਮੈਂ
ਕਿਹੜੇ ਭਾਅ ਦੀ ਵਿਕਦੀ ਮਿੱਤਰੋ ਮੰਡੀ ਦੇ ਵਿੱਚ ਪਤਾ ਹੈ ਲੱਗਦਾ
ਜੇ ਕਿਧਰੇ ਕੋਈ ਹੋਸ਼ ਨਾਂ ਕੀਤੀ ਬੇਰਾਂ ਵੱਟੇ ਵਿਕ ਜਾਉਂਗਾ ਮੈਂ
ਸੋਚ ਸੋਚ ਕੇ ਕਮਲਾ ਹੋਇਆ ਸੋਚਿਆਂ ਸੋਚ ਨਾਂ ਬਣਨਾ ਕੁੱਝ ਵੀ
ਜੇ ਬਾਬੇ ਦੀ ਗੱਲ ਨਾਂ ਸਮਝੀ ਆਖਰ ਨੂੰ ਪਛਤਾਉਂਗਾ ਮੈਂ
ਨਸ਼ੇ ਆਸ਼ਕੀ ਵਿਹਲਾਪਣ ਤੇ ਬੇਮਤਲਬ ਦੀ ਚੌਧਰ ਫੋਕੀ
ਸੋਚ ਨਾਂ ਕਿਧਰੇ ਬਦਲੀ 'ਭੰਗੂ' ਵਿਰਸਾ ਦਿਲੋਂ ਭੁਲਾਉਂਗਾ ਮੈਂ

## ਕੱਚੇ ਸੁਪਨੇ

ਉਹ ਕੱਚੇ ਘਰ ਵਿੱਚ ਬੈਠਾ
ਸੁਪਨਿਆਂ ਨੂੰ ਹਲੂਰਦਾ
ਤੇ ਸੋਚਦਾ ਆਉਣ ਵਾਲੀ ਜਿੰਦਗੀ ਬਾਰੇ।
ਅਤੀਤ ਦੀ ਕਦੋਂ ਪਰਵਾਹ ਹੁੰਦੀ ਏ,
ਉਹਦੀਆਂ ਅੱਖਾਂ ਸਾਹਮਣੇ
ਉਹਦੇ ਮਾਪੇ ਭੁੱਖ ਨਾਲ਼ ਘੁਲੇ
ਸਾਰੀ ਜਿੰਦਗੀ ਸੰਘਰਸ਼ ਭਰੀ ਰਹੀ
ਤੇ ਅੱਜ ਉਹ ਵੀ ਉਸੇ ਸਰਦਲ ਤੇ ਬੈਠਾ
ਆਪਣੇ ਸੁਪਨਿਆਂ ਨੂੰ ਮਜ਼ਬੂਤ ਕਰ ਰਿਹੈ,
ਤੇ ਸੋਚਦਾ
ਕਾਸ਼ ਮੈਨੂੰ ਚੰਗੀ ਸਿੱਖਿਆ ਮਿਲੀ ਹੁੰਦੀ
ਮੈਂ ਵੀ ਕੁੱਝ ਬਣ ਜਾਣਾ ਸੀ
ਮੈਂ ਵੀ ਕੁੱਝ ਕਰ ਜਾਣਾ ਸੀ
ਉਹਦੇ ਸੁਪਨੇ ਕੱਚੀ ਗੰਧਲ਼ ਵਾਂਗ
ਸਮੇਂ ਨੇ ਮਸਲ਼ ਦਿੱਤੇ ਸਨ।
ਪਰ ਹੁਣ ਉਹ ਦ੍ਰਿੜ ਸੀ
ਆਪਣੇ ਬੱਚਿਆਂ ਦੇ ਭਵਿੱਖ ਬਾਰੇ
ਸੋਚਦਾ ਉਹਨਾਂ ਦੀ ਜਿੰਦਗੀ ਸੰਵਾਰੇਗਾ
ਪਰ ਕਿੱਦਾਂ?
ਉਹਦੇ ਲਈ ਜਿੰਦਗੀ ਦਾ ਕੋਈ ਮਾਇਨਾ ਨਹੀਂ ਸੀ
ਸੰਘਰਸ਼ ਭਰੀ ਜਿੰਦਗੀ ਵੀ ਕੋਈ ਜਿੰਦਗੀ ਐ!!!

ਸੰਘਰਸ਼ ਜਰੂਰੀ ਐ,
ਪਰ ਭੁੱਖ ਨਾਲ਼ ਨਹੀਂ
ਜਰੂਰਤਾਂ ਨਾਲ਼ ਨਹੀਂ।
ਕਸੂਰ ਤਾਂ ਉਹਦੀ ਸੋਚ ਦਾ ਹੀ ਸੀ
ਅੱਜ ਫੇਰ ਉਹ ਹਕੀਕਤ ਭੁੱਲ ਗਿਆ ਸੀ
ਅੱਕ ਕੇ ਉਸਨੇ ਫੈਸਲਾ ਕਰ ਲਿਆ
ਤੇ ਆਪਣੇ ਪੁੱਤਰ ਨੂੰ ਲੈ ਤੁਰਿਆ
ਆਪਣੇ ਕੱਚੇ ਘਰ ਚੋਂ ਨਿੱਕਲ਼
ਉਸੇ ਭੱਠੇ ਵੱਲ ਨੂੰ
ਇੱਟਾਂ ਬਣਾਉਣ ਲਈ
ਤਾਂ ਜੋ ਲੋਕਾਂ ਦੇ ਪੱਕੇ ਘਰ ਬਣ ਸਕਣ
ਤਾਂ ਜੋ ਲੋਕ ਆਪਣੇ ਸੁਪਨੇ ਪੂਰੇ ਕਰ ਸਕਣ

## ਹਲਚਲ

ਚੰਡੀਗੜ੍ਹ ਤੱਕ ਪਤਾ ਚੱਲ ਗਿਆ ਪਿੰਡ ਵਿੱਚ ਹੋਈ ਹਲਚਲ ਦਾ
ਨਾਲ਼ ਹਵਾ ਦੇ ਚੰਨ ਤੋਂ ਸਰਕ ਗਿਆ ਲਾਲ ਦੁਪੱਟਾ ਮਲਮਲ ਦਾ
ਕਿੱਧਰ ਜਾਈਏ ਕਿਸ ਪਾਸੇ ਜਾ ਆਪਣੀ ਜਾਨ ਬਚਾਈਏ ਨੀ
ਜਿੱਧਰ ਜਾਈਏ ਬੱਸ ਕੁੜੀਏ ਹਰ ਪਾਸੇ ਤੈਨੂੰ ਪਾਈਏ ਨੀ

ਅਸੀਂ ਬਚਦੇ ਬਚਾਉਂਦੇ ਬਿੱਲੋ ਦਿਲ ਨੂੰ ਲੁਕਾਉਂਦੇ
ਤੇਰੇ ਪੱਲੇ ਉਹਲੇ ਹੋ ਗਏ ਅਸੀਂ ਜਾਨ ਨੂੰ ਬਚਾਉਂਦੇ
ਸਾਨੂੰ ਕੀ ਪਤਾ ਸੀ ਫੇਰ ਪਊ ਪਛਤਾਉਣਾ ਸਾਨੂੰ ਏਸੇ ਗੱਲ ਦਾ
ਨਾਲ਼ ਹਵਾ ਦੇ ਚੰਨ ਤੋਂ ਸਰਕ ਗਿਆ.....................

ਹੋਏ ਬੈਠੇ ਹਾਂ ਦੀਵਾਨੇ ਸੋਲਾਂ ਸਾਲ ਦੀ ਜਵਾਨੀ ਦੇ
ਅੱਖ ਮਸਤਾਨੀ ਦੇ ਜੀ ਮੁੱਖ ਦੀ ਰਵਾਨੀ ਦੇ
ਜਿਸਨੇ ਤੱਕਿਆ ਉਹੀਉ ਫਸਿਆ ਹੁਸਨ ਨਜ਼ਾਰਾ ਦਲਦਲ ਜਿਹਾ
ਨਾਲ਼ ਹਵਾ ਦੇ ਚੰਨ ਤੋਂ ਸਰਕ ਗਿਆ.....................

ਅਸੀਂ ਚਾਨਣੀ 'ਚ ਆ ਕੇ ਅੱਖਾਂ ਚੰਨ ਨਾਲ਼ ਮਿਲਾਈਏ
ਸਾਡੇ ਚੰਨ ਦੇ ਭੁਲੇਖੇ ਉਹੋ ਚੰਨ ਨੂੰ ਬੁਲਾਈਏ
ਧੂਰੀ ਸ਼ਹਿਰ ਦੇ ਕਾਕੇ ਵਿਗੜ ਗਏ ਖਾਣ ਵਿਸਾਹ ਨਾਂ ਇੱਕ ਪਲ ਦਾ
ਚੰਡੀਗੜ੍ਹ ਤੱਕ ਪਤਾ ਚੱਲ ਗਿਆ ਪਿੰਡ ਵਿੱਚ ਹੋਈ ਹਲਚਲ ਦਾ
ਨਾਲ਼ ਹਵਾ ਦੇ ਚੰਨ ਤੋਂ ਸਰਕ ਗਿਆ ਲਾਲ ਦੁਪੱਟਾ ਮਲਮਲ ਦਾ

## ਗਰੂਰ

ਗੱਲ ਅਦਬ ਦੀ ਚੱਲੀ ਐ ਮੈਂ ਬੋਲ ਨਹੀਂ ਸਕਦਾ
ਸੀਨੇ ਵਿੱਚ ਤੂਫ਼ਾਨ ਮੇਰੇ ਮੈਂ ਖੋਲ੍ਹ ਨਹੀਂ ਸਕਦਾ
ਬੜੇ ਅਜਬ ਨੇ ਫ਼ਲਸਫੇ ਇਹ ਰਾਹਾਂ ਦੇ ਮੇਰੇ ਦੋਸਤਾ
ਸੋਚ ਮੇਰੀ ਤੋਂ ਪਰ੍ਹੇ ਨੇ ਇਹ ਮੈਂ ਫੋਲ ਨਹੀਂ ਸਕਦਾ
ਕਰਜ਼-ਏ-ਇਸ਼ਕ ਦਾ ਮੈਂ ਕਿੰਝ ਕਰਾਂਗਾ ਜੋੜ ਤੋੜ
ਬੇਸਮਝ ਕੁੱਝ ਮੈਂ ਝੱਲਾ ਹਾਂ ਇਹ ਤੋਲ ਨਹੀਂ ਸਕਦਾ
ਕਰਦੇ ਉਹ ਰਹਿਣਗੇ ਸਦਾ ਹੀ ਹੁਸਨ ਦਾ ਗੁਮਾਨ
ਕਿਉਂ ਉਹਦੇ ਖਸਮ ਵਰਗੇ ਮੈਂ ਨੂੰ ਕੁੱਝ ਬੋਲ ਨਹੀਂ ਸਕਦਾ
ਤਰਲਿਆਂ, ਸਭ ਹੀਲਿਆ, ਵਸੀਲਿਆਂ ਦਾ ਜੋਰ ਕੀਤਾ
ਵਰਕੇ ਕਿਸਮਤ ਦੇ ਇਸ ਤਰ੍ਹਾਂ ਮੈਂ ਫੋਲ ਨਹੀਂ ਸਕਦਾ
ਜ਼ੱਰਾ ਹਾਂ ਮੈਂ ਗੱਲ ਵੀ ਮਿੱਟੀ ਦੀ ਹੀ ਕਰਾਂਗਾ
ਨਿੱਘ ਅਸਮਾਨ ਦੇ ਲਈ ਮੈਂ ਬਾਹਾਂ ਖੋਲ੍ਹ ਨਹੀਂ ਸਕਦਾ
ਨਾਂ ਦੁਨੀਆਦਾਰੀ 'ਭੰਗੂ ਸਿਆਂ' ਚੁੱਪ ਕਰਕੇ ਫ਼ਰਜ ਨਿਭਾਉਣ ਦਾ
ਇਹ ਬੋਲ਼ਿਆਂ ਦੇ ਦੇਸ਼ ਵਿੱਚ ਮੈਂ ਕੁੱਝ ਬੋਲ ਨਹੀਂ ਸਕਦਾ

## ਲੋਅ ਦੀਵੇ ਦੀ

ਮੁੱਕਦੀ ਮੁੱਕਦੀ ਮੁੱਕ ਗਈ ਏ ਲੋਅ ਦੀਵੇ ਦੀ

ਬੜਾ ਕੁੱਝ ਅਤੀਤ ਹੋ ਗਿਆ
ਕੁੱਝ ਕਿੱਸੇ ਕੁੱਝ ਗੀਤ ਹੋ ਗਿਆ
ਇੰਝ ਲੱਗਦਾ ਗਈ ਬੀਤ ਕਹਾਣੀ
ਮਨ ਹਲਕਾ ਤਨ ਸ਼ੀਤ ਹੋ ਗਿਆ
ਵਿਛੜਿਆਂ ਨੂੰ ਕਦੇ ਕਦੇ ਜੇ
ਚੇਤੇ ਕਰਕੇ ਰੋ ਲੈਂਦੇ ਹਾਂ
ਜਿੰਦਗੀ ਦੇ ਵਿੱਚ ਪਿਆਰ ਦਾ ਮਤਲਬ
ਰੇਤੇ ਉੱਤੇ ਲੀਕ ਹੋ ਗਿਆ
ਰੀਤਾਂ ਵਿੱਚ ਸਮੋ ਜਾਂਦੀ ਏ ਖੁਸ਼ਬੋ ਦੀਵੇ ਦੀ
ਮੁੱਕਦੀ ਮੁੱਕਦੀ ਮੁੱਕ ਗਈ ਏ ਲੋਅ ਦੀਵੇ ਦੀ

ਹੋਣੀ ਦੇ ਦਰਵਾਜ਼ੇ ਅੱਗੇ
ਭਾਵੇਂ ਜਾ ਕੇ ਟੱਲ ਵਜਾ ਲਈਂ
ਜੋ ਹੋਣਾ ਉਹ ਹੋ ਕੇ ਰਹਿਣਾ
ਜਿੰਨੇ ਮਰਜੀ ਭੇਸ ਵਟਾ ਲਈਂ
ਰਾਜੇ ਤੋਂ ਲੈ ਰੰਕ ਬਰਾਬਰ
ਇੱਕੋ ਸਭ ਦਾ ਹਸ਼ਰ ਹੈ ਹੋਇਆ
ਦੇਖ ਲਵੀਂ ਅਜਮਾਕੇ ਭਾਵੇਂ
ਜਿੰਨੇ ਮਰਜੀ ਪਾਠ ਕਰਾ ਲਈਂ
ਦਿੰਦੀ ਇਹੀ ਸੁਨੇਹਾ ਹੈ ਕਨਸੋਅ ਦੀਵੇ ਦੀ
ਮੁੱਕਦੀ ਮੁੱਕਦੀ ਮੁੱਕ ਗਈ ਏ ਲੋਅ ਦੀਵੇ ਦੀ

ਜੋ ਆਇਆ ਸੋ ਰਾਜੀ ਜਾਵੇ
ਸਭ ਨਾਲ਼ ਪਿਆਰ ਬਣਾ ਕੇ ਰੱਖੀਂ
ਕੋਈ ਪਤਾ ਨਹੀਂ ਕਦ ਕੋਈ ਆ ਜਾਏ
ਤਲ਼ੀਏਂ ਦੀਪ ਜਗਾ ਕੇ ਰੱਖੀਂ
ਭਾਵੇਂ ਜਿੰਨਾ ਮਾਣ ਮਿਲ ਜਾਵੇ
ਚੋਟੀ ਦਾ ਸਨਮਾਨ ਮਿਲ ਜਾਵੇ
ਮੱਤ ਨੂੰ ਭਾਵੇਂ ਅੰਬਰੀਂ ਚਾੜ੍ਹੀਂ
'ਭੰਗੂ' ਮਨ ਸਮਝਾ ਕੇ ਰੱਖੀਂ
ਵਰਨਾ ਰਾਖ ਬਣਾ ਦੇਵੇਗੀ ਛੋਹ ਦੀਵੇ ਦੀ
ਮੁੱਕਦੀ ਮੁੱਕਦੀ ਮੁੱਕ ਗਈ ਏ ਲੋਅ ਦੀਵੇ ਦੀ
ਮੁੱਕਦੀ ਮੁੱਕਦੀ ਮੁੱਕ ਗਈ ਏ ਲੋਅ ਦੀਵੇ ਦੀ

## ਗਰਜ

ਹਰ ਇੱਕ ਮਾਂ ਨੂੰ ਗਰਜ ਹੋਈ
ਉਹਦੇ ਪੁੱਤ ਭਗਤ ਕਿਸ ਰਾਹੇ ਪੈ ਗਏ
ਆਜ਼ਾਦੀ ਦੇ ਪਰਵਾਨੇ ਇਹ
ਬੇਰੰਗੇ ਰੰਗਾਂ ਜੋਗੇ ਰਹਿ ਗਏ
ਇਹ ਆਸ਼ਕ ਕਲਮ ਜਾਂ ਪਿਸਟਲ ਦੇ
ਅੱਜ ਕਿਵੇਂ ਨਿਹੱਥੇ ਲੱਗਦੇ ਨੇ
ਖਾ ਬੋਤਲ ਗਈ ਜਵਾਨੀ ਨੂੰ
ਨੈਣਾਂ ਦੇ ਚੱਕਰਾਂ 'ਚ ਪੈ ਗਏ
ਹੁਣ ਯਾਰ ਸਹਾਰਾ ਚਾਹੀਦਾ
ਕੌਮ ਦੀ ਬੇੜੀ ਤਾਰਨ ਨੂੰ
ਨਾਂ 'ਭੰਗੂ' ਇੱਜ਼ਤ ਰੁਲ਼ਣ ਦਿਉ
ਇਹ ਕੌਮ ਦੇ ਰਾਖੇ ਕਹਿ ਗਏ ਨੇ

## ਕਿਰਤ

ਪਹਿਲਾਂ ਕੀਤੇ ਪਾਪ ਪਿੱਛੋਂ ਭੱਜ ਤੂੰ ਚੱਲੀ
ਕਹਿੰਦੇ ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ
ਖ਼ੂਨ ਚੂਸ ਲੋਕਾਂ ਦਾ ਤੂੰ ਢਿੱਡ ਨੂੰ ਵਧਾਇਆ ਏ
ਤਾਂਹੀ ਤਾਂ ਬਿਮਾਰੀਆ ਨੇ ਆਣ ਘੇਰਾ ਪਾਇਆ ਏ
ਕਰਦਾ ਨਾਂ ਕਿਤੇ ਪਹਿਲੀ ਉਮਰੇ ਜੇ ਪਾਪ ਤੂੰ
ਭੋਗਦਾ ਨਾਂ ਅੰਤ ਨੂੰ ਗਰੀਬਾਂ ਦੇ ਸਰਾਪ ਨੂੰ
ਗੋਲਕ ਦੇ ਉੱਤੇ ਬੈਠ ਪੈਸੇ ਤੂੰ ਉਡਾਈ ਗਿਆ
ਛੱਤੀ ਗਿਆ ਚੁਬਾਰੇ ਤੇ ਚੁਬਾਰਾ ਐਵੇਂ ਪਾਈ ਗਿਆ
ਦੇਖੂੰ ਕਿਹੜੇ ਕੰਮ ਹੁਣ ਆਉਣਾ ਏ ਚੁਬਾਰਿਆਂ ਨੇ
ਪੁੱਛਣੀ ਨਹੀਂ ਬਾਤ ਜਦੋਂ ਅੰਤ ਨੂੰ ਸਹਾਰਿਆਂ ਨੇ
ਹੱਥ ਵਿੱਚ ਰੱਖੇਂ ਪੰਜ ਫੁੱਟੀ ਕਿਰਪਾਨ ਨੂੰ
ਲੱਗਦਾ ਏ ਡਰ ਤੇਰੀ ਖ਼ਤਰਾ ਏ ਜਾਨ ਨੂੰ
ਲਾਲ ਬੱਤੀ ਗੱਡੀ ਉੱਤੇ ਟੌਹਰ ਨਾਲ ਲਾਈ ਐ
ਬੋਲਣੇ ਦੀ ਦੱਸ ਕੀਹਨੇ ਅਕਲ ਸਿਖਾਈ ਐ
ਤੂੰ ਤੋਂ ਬਿਨਾ ਕਦੇ ਗੱਲ ਕਿਸੇ ਨਾਲ ਕਰਦਾ ਨਹੀਂ
ਕਿਸੇ ਦਾ ਨਾਂ ਖ਼ੌਫ਼ ਤੈਨੂੰ ਰੱਬ ਤੋਂ ਵੀ ਡਰਦਾ ਨਹੀਂ
ਸੁਣਿਐ ਤੂੰ ਲੈ ਲਈ ਐ ਜ਼ਮੀਨ ਕਈ ਦੇਸ਼ਾਂ ਵਿੱਚ
ਰੰਗੀ ਫਿਰੇਂ ਖੁਦ ਨੂੰ ਤੂੰ ਕਿੰਨਿਆਂ ਕੁ ਭੇਸਾਂ ਵਿੱਚ
ਕਿਹੜੇ ਕਿਹੜੇ ਕਰਮ ਗਿਣਾਈ ਜਾਵਾਂ ਤੇਰੇ ਮੈਂ
ਦਿਲ ਦੁਖੇ ਪੜ੍ਹਾਂ ਜਦੋਂ ਖਬਰਾਂ ਸਵੇਰੇ ਮੈਂ
ਪੰਥ ਨੂੰ ਬਚਾਉਣ ਵਾਲੇ ਪੰਥ ਨੂੰ ਨੇ ਲੁੱਟੀ ਜਾਂਦੇ
ਫਾੜੀ ਫਾੜੀ ਕੀਤਾ ਫੁੱਲ ਟਾਹਣੀ ਨਾਲ਼ੋਂ ਟੁੱਟੀ ਜਾਂਦੇ
ਸਾਂਭਣਾ ਏ ਹੋਰ ਕੀਹਨੇ ਤੁਸੀਂ ਜੇ ਸੰਭਾਲਿਆ ਨਾਂ

ਗੁਰੂਆਂ ਦੀ ਸਿੱਖਿਆ ਨੂੰ ਪੁੱਤਾਂ ਵਾਗੂੰ ਪਾਲ਼ਿਆ ਨਾਂ
ਭਲਿਓ ਓਏ ਲੋਕੋ ਸੁਣੋ ਗੁਰੂ ਦੇ ਪਿਆਰਿਓ
ਕਰ ਲਓ ਧਿਆਨ ਜਰਾ ਪੰਥ ਦੇ ਸਹਾਰਿਓ
ਕਾਇਮ ਰੱਖੋ ਗੁਰੂਆਂ ਦੀ ਖਾਲਸਾਈ ਸ਼ਾਨ ਨੂੰ
ਦੇਵਾਂਗੇ ਜਵਾਬ ਨਹੀਂ ਕੀ ਕੱਲ੍ਹ ਨੂੰ ਜਹਾਨ ਨੂੰ
ਇਹਨਾਂ ਗੱਲਾਂ ਪਿੱਛੇ ਲੋਕ ਪੰਥ ਤੋਂ ਨਾਂ ਟੁੱਟ ਜਾਣ
ਫਸ ਕੇ ਪਖੰਡਾਂ 'ਚ ਨਾਂ ਡੇਰਿਆਂ ਤੇ ਝੁਕ ਜਾਣ
ਸਰਨਾਂ ਨਹੀਂ ਕੱਲੀ ਫਤਿਹ ਗੱਜ ਕੇ ਬੁਲਾਉਣ ਨਾਲ਼
ਕੰਧਾਂ ਵਿੱਚ ਚਿਣਿਆਂ ਦੇ ਸੁੱਕੇ ਗੀਤ ਗਾਉਣ ਨਾਲ਼
ਖਾਲਸਾਈ ਸੋਚ ਨੂੰ ਬਚਾਇਓ ਜੋ ਸਜਾਈ ਸੀ
ਗੁਰੂਆਂ ਨੇ 'ਭੰਗੂ' ਜਿਹੜੀ ਸਿੱਖਿਆ ਪੜ੍ਹਾਈ ਸੀ

ਗੁਰੂਆਂ ਦੀ ਕੱਲੀ ਕੱਲੀ ਗੱਲ ਤੇ ਵਿਚਾਰ ਕਰੋ
ਹਰ ਇੱਕ ਬੰਦੇ ਦਾ ਬਰਾਬਰ ਸਤਿਕਾਰ ਕਰੋ
ਕਿਰਤ ਕਮਾਈ ਕਰੋ ਗੁਰੁ ਦੇ ਪਿਆਰਿਓ
ਵੰਡ ਛਕੋ ਨਾਮ ਜਪੋ ਗੁਰੂ ਦੇ ਸਹਾਰਿਓ

## ਜਚ ਕੇ

ਜਚ ਕੇ ਨਾਂ ਬਾਹਰ ਜਾਵੀਂ ਨੀ ਮੁੰਡਿਆਂ ਵਿੱਚ ਭਾਜੜ ਪੈ ਜਾਏਗੀ
ਖਿੜਕੀ ਨਾਂ ਖੋਲ੍ਹੀਂ ਰੱਬ ਕਰਕੇ ਫਿਰ ਖਤਾਂ ਦੀ ਵਾਛੜ ਪੈ ਜਾਏਗੀ

ਮੁੱਖੜੇ ਉੱਤੇ ਟਿਮ ਟਿਮ ਕਰਦਾ ਤਿਲ ਇਹ ਠੰਡੇ ਹਾਉਂਕੇ ਭਰਦਾ
ਪਿਆਰ ਪਿਆਰ ਨਿੱਤ ਕਰਦਾ ਰਹਿੰਦਾ ਨਾਲ਼ੇ ਦੁਨੀਆਂ ਕੋਲ਼ੋਂ ਡਰਦਾ
ਨਾਂ ਜੁਲਫ਼ਾਂ ਨੂੰ ਲਹਿਰਾਇਆ ਕਰ ਫਿਰ ਘਟਾ ਵੀ ਤੌਬਾ ਕਹਿ ਜਾਏਗੀ
ਜਚ ਕੇ ਨਾਂ ਬਾਹਰ ਜਾਵੀਂ ਨੀ...............................

ਨੈਣਾਂ ਦੇ ਵਿੱਚ ਸ਼ਰਮ ਦੀ ਲਾਲੀ ਬੁੱਲ੍ਹੀਆਂ ਵਿੱਚੋਂ ਹਾਸੇ ਕਿਰਦੇ
ਠੁਮਕ ਠੁਮਕ ਜਦ ਤੁਰਦੀ ਜਾਂਦੀ ਲੱਖਾਂ ਦਿਲ ਕਦਮਾਂ ਵਿੱਚ ਗਿਰਦੇ
ਨਾਂ ਲਾਲ ਸੂਹੀ ਬਣ ਲੰਘਿਆ ਕਰ ਸਿਰ ਮੂੰਹ ਦੀ ਸਭ ਨੂੰ ਪੈ ਜਾਏਗੀ
ਜਚ ਕੇ ਨਾਂ ਬਾਹਰ ਜਾਵੀਂ ਨੀ...............................

ਪਹਿਲਾਂ ਆਪੇ ਨੈਣਾਂ ਦੇ ਨਾਲ਼ ਹੱਸ ਹੱਸ ਨੈਣ ਮਿਲਾਉਂਦੀ ਏਂ
ਦਿਲ ਨਾਲ਼ ਦਿਲ ਦੇ ਸੌਦੇ ਪਿੱਛੋਂ ਦਿਲ ਦਾ ਚੈਨ ਚੁਰਾਉਂਦੀ ਏਂ
ਨਾਂ 'ਭੰਗੂ' ਨੂੰ ਮੁੜ ਮੁੜ ਤੱਕਿਆ ਕਰ ਇਹ ਆਦਤ ਮਹਿੰਗੀ ਪੈ ਜਾਏਗੀ
ਜਚ ਕੇ ਨਾਂ ਬਾਹਰ ਜਾਵੀਂ ਨੀ ਮੁੰਡਿਆਂ ਵਿੱਚ ਭਾਜੜ ਪੈ ਜਾਏਗੀ
ਖਿੜਕੀ ਨਾਂ ਖੋਲ੍ਹੀਂ ਰੱਬ ਕਰਕੇ ਫਿਰ ਖਤਾਂ ਦੀ ਵਾਛੜ ਪੈ ਜਾਏਗੀ

# ਭਗਤ ਵੀਰ

ਮਿੱਤਰੋ ਭੁੱਲ ਨਾਂ ਜਾਇਓ ਆਪਣੇ ਭਗਤ ਵੀਰ ਨੂੰ
ਸ਼ਿਵ ਦੀ ਮਿੱਠੀ ਕਲਮ ਨੂੰ ਮਿਰਜੇ ਦੇ ਤੀਰ ਨੂੰ

ਖਾਸ ਹੈ ਇੱਕ ਪਹਿਚਾਣ ਕਦੇ ਜੋ ਮਿਟ ਨਹੀਂ ਸਕਦੀ
ਪੱਗ ਹੈ ਸਿਰ ਦੀ ਸ਼ਾਨ ਕਦੇ ਇਹ ਝੁੱਕ ਨਹੀਂ ਸਕਦੀ
ਅਣਖ ਆਬਰੂ ਤੇ ਆਪਣੀ ਸੱਚੀ ਜ਼ਮੀਰ ਨੂੰ
ਮਿੱਤਰੋ ਭੁੱਲ ਨਾਂ ਜਾਇਓ................

ਬਾਣੀ ਬਾਣੇ ਦੀ ਸੋਝੀ ਤੇ ਗੁੜ੍ਹਤੀ ਅੰਮ੍ਰਿਤ ਦੀ
ਹੈ ਗੁਰੂਆਂ ਦੀ ਮਿਹਰ ਬੜੀ ਸਾਡੇ ਤੇ ਰਹਿਮਤ ਦੀ
ਸਿੱਖੀ ਖੰਡਿਓਂ ਤਿੱਖੀ ਦੀ ਖਿੱਚੀ ਲਕੀਰ ਨੂੰ
ਮਿੱਤਰੋ ਭੁੱਲ ਨਾਂ ਜਾਇਓ................

ਤੱਤੀਆਂ ਤਵੀਆਂ, ਗੋਲੀਆਂ ਸਭ ਖੂਨੀ ਸਾਕੇ
ਭਾਈ ਭਾਈ ਵੰਡਤੇ ਜਿੰਨ੍ਹਾਂ ਨੇ ਆ ਕੇ
ਤੋੜ ਗੁਲਾਮੀ ਵਾਲ਼ੀ ਸੁੱਟੀ ਜੋ ਜੰਜ਼ੀਰ ਨੂੰ
ਮਿੱਤਰੋ ਭੁੱਲ ਨਾਂ ਜਾਇਓ.............

ਜ਼ਬਰ ਜ਼ੁਲਮ ਦੇ ਟਾਕਰੇ ਹੱਕਾਂ ਲਈ ਖੜ੍ਹਨਾ
ਭੀੜ ਪਵੇ ਜੇ ਕੌਮ ਤੇ ਤਾਂ ਡਟ ਕੇ ਲੜਨਾ
ਸ਼ਬਰ ਸ਼ਾਂਤੀ 'ਭੰਗੂ' ਸਾਡੇ ਉੱਚ ਦੇ ਪੀਰ ਨੂੰ
ਮਿੱਤਰੋ ਭੁੱਲ ਨਾਂ ਜਾਇਓ ਆਪਣੇ ਭਗਤ ਵੀਰ ਨੂੰ
ਸ਼ਿਵ ਦੀ ਮਿੱਠੀ ਕਲਮ ਨੂੰ ਮਿਰਜੇ ਦੇ ਤੀਰ ਨੂੰ

# ਤਨਹਾਈਆਂ

ਤੇਰੇ ਇਸ਼ਕ ਦੀਆਂ ਤਨਹਾਈਆਂ ਨੇ ਕੁੱਝ ਯਾਦਾਂ ਆਣ ਜਗਾਈਆਂ ਨੇ
ਕੁੱਝ ਲਫ਼ਜ਼ ਮਿੱਠੀ ਪ੍ਰਭਾਤ ਜਿਹਾਂ ਇਹ ਬੁੱਲੀਆਂ ਆਣ ਹਿਲਾਈਆਂ ਨੇ
ਮੈਨੂੰ ਮੁੱਦਤ ਪਿੱਛੋਂ ਧੁੰਦਲਾ ਜਿਹਾ ਇੱਕ ਚਿਹਰਾ ਚੇਤੇ ਹੋਇਆ ਏ
ਉਸ ਚਿਹਰੇ ਦੇ ਦੋ ਨੈਣਾਂ ਚੋਂ ਜਿਵੇਂ ਦੁਆ ਸਲਾਮਾਂ ਆਈਆਂ ਨੇ
ਕਦੇ ਇੰਝ ਲੱਗਦਾ ਹੈ ਰੱਬ ਜਿਹਾ ਕੋਈ ਰੂਪ ਸਿਰਹਾਣੇ ਆ ਬੈਠਾ
ਨਿੱਘ ਆਇਆ ਏ ਗ਼ਲਵੱਕੜੀ ਦਾ ਬਾਹਾਂ ਵਿੱਚ ਬਾਹਾਂ ਪਾਈਆਂ ਨੇ
ਹੱਥਾਂ ਦੀ ਹਰਕਤ ਤੇਜ਼ ਹੋਈ ਦਿਲ ਕਮਲ਼ਾ ਹੋ ਕੇ ਧੜਕ ਰਿਹੈ
ਮੇਰਾ ਮਹਿਕਣ ਲੱਗਿਆ ਰੋਮ ਰੋਮ ਮਹਿਕਾਂ ਹਰ ਪਾਸੇ ਛਾਈਆਂ ਨੇ
ਉਹ ਕੋਸੇ ਕੋਸੇ ਸਾਹਾਂ ਦਾ ਨਿੱਘ ਆਇਆ ਸਰਦ ਹਵਾਵਾਂ ਚੋਂ
ਦੀਦ ਤੇਰੀ ਨੂੰ ਇੱਕ ਵਾਰੀ ਫਿਰ ਅੱਖੀਆਂ ਦੋ ਤਿਰਹਾਈਆਂ ਨੇ
ਮੇਰਾ ਇਸ਼ਕ ਇਬਾਦਤ ਰੱਬ ਵਰਗਾ ਮੇਰਾ ਕਾਜ਼ੀ ਕਾਬਾ ਹੱਜ ਵੀ ਤੂੰ
ਅੱਜ ਵਰ੍ਹਿਆਂ ਪਿੱਛੋਂ ਤਾਂਹੀਂ ਤਾਂ ਇਹ ਅੱਖੀਆਂ ਫੇਰ ਝੁਕਾਈਆਂ ਨੇ
ਕੁੱਝ ਭਟਕਣ ਮੇਰੇ ਮਨ ਅੰਦਰ ਕੋਈ ਡੂੰਘੀ ਹਲਚਲ ਹੋਈ ਐ
ਪੈਰਾਂ ਤੋਂ ਲੈ ਕੇ ਸਿਰ ਤੀਕਰ ਸਭ ਨਸਾਂ ਜਿਵੇਂ ਨਸ਼ਿਆਈਆਂ ਨੇ
ਜਿਉਂ ਰੁਖ਼ ਹਵਾ ਦਾ ਬਦਲ ਗਿਆ ਖਿੜੀਆਂ ਜਾਪਣ ਗ਼ੁਲਜ਼ਾਰਾਂ ਵੀ
ਕਿਸੇ ਤੇਰੇ ਮੇਰੇ ਪਿਆਰ ਦੀਆਂ ਅਣਕਹੀਆਂ ਬਾਤਾਂ ਪਾਈਆਂ ਨੇ
ਤੂੰ ਜ਼ਹਿਨ ਦੇ ਅੰਦਰ ਵਸਨਾਂ ਏਂ ਤੂੰ ਜੁਦਾ ਨਹੀਂ ਤੂੰ ਵਿਦਾ ਨਹੀਂ
'ਭੰਗੂ' ਨੇ ਤੇਰੀਆਂ ਯਾਦਾਂ ਵੀ ਤਾਂਹੀਂ ਤਾਂ ਦਰਦ ਬਣਾਈਆਂ ਨੇ

## ਰੁੱਸ ਨਾਂ ਜਾਈਏ

ਐਵੇਂ ਰੁੱਸ ਨਾਂ ਜਾਈਏ ਨਿੱਕੀਆਂ ਨਿੱਕੀਆਂ ਬਾਤਾਂ ਤੇ ਵੇ
ਨਾਂ ਜਿੰਦ ਤੜਫਾਈਏ ਨਿੱਕੀਆਂ ਨਿੱਕੀਆਂ ਬਾਤਾਂ ਤੇ ਵੇ

ਸਾਨੂੰ ਬੱਸ ਤੂੰ ਸੋਹਣਾ ਲੱਗਦੈਂ ਤੇਰੇ ਬਿਨ ਨਾਂ ਸਜਣ ਪੁਸ਼ਾਕਾਂ ਵੇ
ਲੱਖ ਤਸੀਹੇ ਦੇ ਲੈ ਭਾਵੇਂ ਮੈਂ ਫਿਰ ਵੀ ਇਹੀਓ ਆਖਾਂ ਵੇ
ਐਵੇਂ ਰੁੱਸ ਨਾਂ ਜਾਈਏ............................

ਸਾਨੂੰ ਬੱਸ ਤੂੰ ਸੋਹਣਾ ਲੱਗਦੈਂ ਕੀ ਰੱਖਿਆ ਵਿੱਚ ਸੌਗਾਤਾਂ ਵੇ
ਕਿੰਝ ਦੱਸਾਂ ਕਿਵੇਂ ਗੁਜ਼ਰੀਆਂ ਸੱਜਣਾ ਕਾਲ਼ੀਆਂ ਬੋਲ਼ੀਆਂ ਰਾਤਾਂ ਵੇ
ਐਵੇਂ ਰੁੱਸ ਨਾਂ ਜਾਈਏ............................

ਸਾਨੂੰ ਬੱਸ ਤੂੰ ਸੋਹਣਾ ਲੱਗਦੈਂ ਤੇ ਉਹ ਤੇਰੀਆਂ ਡਾਂਟਾਂ ਵੇ
ਦਿਲ ਥੱਲੇ ਨੂੰ ਬੈਠੀ ਜਾਵੇ ਕਰ ਚੇਤੇ ਉਹ ਮੁਲਾਕਾਤਾਂ ਵੇ
ਐਵੇਂ ਰੁੱਸ ਨਾਂ ਜਾਈਏ............................

ਸਾਨੂੰ ਬੱਸ ਤੂੰ ਸੋਹਣਾ ਲੱਗਦੈਂ ਕੀ ਰੱਖਿਆ ਏ ਵਿੱਚ ਜਾਤਾਂ ਵੇ
ਭੈੜੀਆਂ ਲੱਗਦੀਆਂ ਬਿਨ ਤੇਰੇ ਤਾਂ ਸਾਨੂੰ ਇਹ ਬਰਸਾਤਾਂ ਵੇ
ਐਵੇਂ ਰੁੱਸ ਨਾਂ ਜਾਈਏ............................

ਸਾਨੂੰ ਬੱਸ ਤੂੰ ਸੋਹਣਾ ਲੱਗਦੈਂ 'ਭੰਗੂ' ਲੈ ਕੇ ਢੁੱਕ ਬਰਾਤਾਂ ਵੇ
ਲੈ ਚੱਲ ਘਰ ਤੂੰ ਮੈਨੂੰ ਆਪਣੇ ਮੈਂ ਮੰਗੀਆਂ ਲੱਖ ਮੁਰਾਦਾਂ ਵੇ
ਐਵੇਂ ਰੁੱਸ ਨਾਂ ਜਾਈਏ ਨਿੱਕੀਆਂ ਨਿੱਕੀਆਂ ਬਾਤਾਂ ਤੇ ਵੇ
ਨਾਂ ਜਿੰਦ ਤੜਫਾਈਏ ਨਿੱਕੀਆਂ ਨਿੱਕੀਆਂ ਬਾਤਾਂ ਤੇ ਵੇ

## ਅੱਜ ਦੀ ਗੱਲ

ਕੋਈ ਧਰਮ ਦੇ ਨਾਂ ਤੇ ਠੱਗਦਾ ਏ ਕੋਈ ਕਰਮ ਦੇ ਨਾਂ ਤੇ ਠੱਗਦਾ ਏ
ਦਾਅ ਲੱਗਦਾ ਠੱਗੀ ਜਾਂਦੇ ਨੇ ਕੋਈ ਭਰਮ ਦੇ ਨਾਂ ਤੇ ਠੱਗਦਾ ਏ
ਸਭ ਕਾਰਸਤਾਨੀ ਨੈਣਾਂ ਦੀ ਜਾ ਮੱਲੋ ਮੱਲੀ ਭਿੜ ਜਾਂਦੇ
ਲੈਣੇ ਦੇ ਦੇਣੇ ਪੈ ਜਾਂਦੇ ਜਦ ਤੀਰ ਟਿਕਾਣੇ ਲੱਗਦਾ ਏ
ਜੇ ਗਲਤੀ ਦੇ ਨਾਲ਼ ਹੋ ਜਾਵੇ ਤਾਂ ਹੋ ਜੇ ਕੀ ਕਰ ਸਕਦੇ ਹਾਂ
ਉਂਝ ਦਿਲ ਦਾ ਦਰਦ ਵਧਾਇਉ ਨਾਂ ਹਰ ਦਿਲ ਦੇ ਵਿੱਚ ਰੱਬ ਵਸਦਾ ਏ
ਮੈਨੂੰ ਸਮਝ ਨਹੀਂ ਆਉਂਦੀ ਦੁਨੀਆਂ ਦੀ ਖੌਰੇ ਕੀ ਲੋਕੀਂ ਚਾਹੁੰਦੇ ਨੇ
ਕੋਈ ਸੜਦਾ ਕਿਸੇ ਦੀ ਚੜ੍ਹਤ ਉੱਤੇ ਕੋਈ ਡਿੱਗਦੇ ਉੱਤੇ ਹੱਸਦਾ ਏ
ਸਭ ਮੱਲੋ ਮੱਲੀ ਬਣਦੇ ਨੇ ਬੱਸ ਚੌਧਰ ਦੇ ਤਿਰਹਾਏ ਲੋਕ
ਜਾ ਕੁੱਛੜਾਂ ਦੇ ਵਿੱਚ ਲੁਕ ਜਾਂਦੇ ਜਦ ਖ਼ੂਨ ਕੌਮ ਲਈ ਵਗਦਾ ਏ
ਘਰ ਬਹਿ ਕੇ ਜੀਭ ਮਰੋੜਨ ਨਾਲ਼ ਤਕਦੀਰ ਨਾਂ ਬਦਲੇ ਕੌਮਾਂ ਦੀ
ਆਪਣੀ ਜਾਨ ਲੁਟਾ ਕੇ ਸੱਜਣਾਂ ਮੜ੍ਹੀ ਤੇ ਦੀਵਾ ਮਘਦਾ ਏ
ਕੁੱਝ ਚੌਧਰੀਆਂ ਨੇ ਧਰਮਾਂ ਨੂੰ ਹੈ ਕੀਤਾ ਲੀਰੋ ਲੀਰ ਮਨਾ
ਕਿਉਂ ਅਨਪੜ੍ਹ ਸਾਧ ਪਖੰਡੀਆਂ ਦੇ ਜਾ ਹਰ ਕੋਈ ਗੋਡੀਂ ਲੱਗਦਾ ਏ
ਹਰ ਥਾਂ ਦੰਗੇ ਚੀਕ ਚਿਹਾੜਾ ਖ਼ੂਨ ਦੇ ਬਦਲੇ ਖ਼ੂਨ ਦਿਸੇ
ਕਿਉਂ ਕੱਲੇ ਪੰਜਾਬ 'ਚ ਨਿਸਦਿਨ ਖ਼ੂਨੀ ਪਹਿਰਾ ਲੱਗਦਾ ਏ
ਪਤਾ ਨਹੀਂ ਨਾਂ ਸਮਝ ਨੇ ਲੋਕੀਂ ਜਾ ਨੇ ਬਹੁਤੇ ਲਾਈਲੱਗ
ਚੌਧਰੀਆਂ ਦੀ ਚੁੱਕ 'ਚ ਆ ਕੇ ਦੁੱਖ ਜਨਤਾ ਨੂੰ ਹੀ ਲੱਗਦਾ ਏ
ਕੋਈ ਬਾਹਰੋਂ ਆ ਕੇ ਕੀ ਕਰ ਦੇਊ ਕੁੱਝ ਆਪੇ ਕਰਨਾ ਪੈਣਾ ਏ
ਜਿੰਨਾਂ ਚਿਰ ਤੱਕ ਤੇਲ ਹੁੰਦੈ ਉਨਾ ਚਿਰ ਦੀਵਾ ਮਘਦਾ ਏ
ਸਭ ਧਰਮ ਦੇ ਠੇਕੇਦਾਰ ਜਿਹੜੇ ਕੋਈ ਮਿਲਕੇ ਸੋਚ ਵਿਚਾਰ ਕਰੋ
ਉਂਝ 'ਭੰਗੂ' ਝੱਗਾ ਚੌੜ ਹੋਣ ਨੂੰ ਕੋਈ ਬਹੁਤਾ ਚਿਰ ਨਾਂ ਲੱਗਦਾ ਏ

# ਸੁਨੇਹਾ

ਕੋਈ ਮੇਰੇ ਖੇਤਾਂ ਨੂੰ ਵੀ ਪਾਣੀ ਲਾ ਦੇਵੋ
ਮੋੜ ਦੇਵੋ ਕੋਈ ਭੱਜੇ ਜਾਂਦੇ ਵੱਗ ਨੂੰ
ਬਣ ਜਾਵੋ ਸੋਟੀ ਕੋਈ ਮੇਰੇ ਬੁੱਢੇ ਬਾਪ ਦੀ
ਠਾਰ ਦਿਓ ਮਾਂ ਦੇ ਸੀਨੇ ਲੱਗੀ ਅੱਗ ਨੂੰ
ਭੈਣ ਮੇਰੀ ਦੂਰ ਫੜੀ ਰੱਖੜੀ ਖੜੋਤੀ ਐ
ਉਹਦੀਆਂ ਅੱਖਾਂ ਦੇ ਹੰਝੂ ਪੂੰਝਣੇ ਦੀ ਲੋੜ ਐ
ਮਾਂ ਮੇਰੀ ਮੁੱਕ ਚੱਲੀ ਕਰਦੇ ਉਡੀਕ ਮੇਰੀ
ਅੱਗ ਲਾਓਣੀ ਉਹਨੇ ਜਿਓਂਦੇ ਜੀ ਕੀ ਜੱਗ ਨੂੰ
ਕਰਦੇ ਉਡੀਕ ਰਹੇ ਯਾਰਾਂ ਦੇ ਸੁਨੇਹੇ
ਆਂਉਦੀ ਵਾਰੀ ਜਿੰਨਾਂ ਨਾਲ ਕੀਤਾ ਇਕਰਾਰ ਸੀ
ਵੱਸ ਮਜਬੂਰੀਆਂ ਦੇ ਝੂਠਿਆਂ ਕਰਾਰਾਂ ਲਈ
ਦੋਸ਼ ਦੇਵਾਂ ਖੁਦ ਨੂੰ ਜਾਂ ਆਖਾਂ ਰੱਬ ਨੂੰ
ਚੁਗਣੀ ਹੈ ਪੈਂਦੀ ਜਿੱਥੇ ਖਿੱਲਰੀ ਹੁੰਦੀ ਐ
ਖਿੱਚ ਕੇ ਲੈ ਜਾਵੇ ਰੋਜ਼ੀ ਰੋਟੀ ਬੰਦੇ ਨੂੰ
ਦਿਲ ਕੀਹਦਾ ਕਰਦਾ ਏ ਵਤਨਾਂ ਨੂੰ ਛੱਡਣੇ ਨੂੰ
ਜਾਣ ਬੁੱਝ ਕੌਣ ਪਾਉਦਾਂ ਹੱਥ ਅੱਗ ਨੂੰ
ਖੁਸ਼ਬੋ ਅਜੇ ਵੀ ਆਵੇ ਮਹਿੰਦੀ ਵਾਲੇ ਹੱਥਾਂ ਵਿੱਚੋਂ
ਸੱਜਰੀ ਉਡੀਕ ਹਰ ਰੋਜ਼ ਜੋ ਵਿਆਂਹੁੰਦੀ ਐ
ਸਮਝੂ ਕਿਵੇਂ ਕੋਈ ਬੜਾ ਔਖਾ ਸਮਝਾਉਣਾ
ਲੱਗੀ ਪਰਦੇਸੀਆਂ ਦੇ ਸੀਨੇ ਅੱਗ ਨੂੰ
ਪਤਾ ਨਹੀ ਮੁੜਾਂਗਾ ਖੌਰੇ ਮੁੜਿਆ ਨਹੀਂ ਜਾਣਾ
ਮੁੜ ਮੁੜ ਇਹੀ ਸੋਚ ਲੱਗੀ ਰਹਿੰਦੀ ਐ
ਇੱਕ ਵਾਰੀ ਆ ਗਏ ਜਿਹੜੇ ਮੁੜਦੇ ਨਹੀ 'ਭੰਗੂ'
ਜੋ ਵਤਨਾ ਤੋਂ ਦੂਰ ਛੱਡ ਆਏ ਸਭ ਨੂੰ

# ਯਾਰ

ਕਦੇ ਤੂੰ ਪੀਤੀ ਕਦੇ ਮੈਂ ਪੀਤੀ
ਕਦੇ ਆਪਾਂ ਦੋਵਾਂ ਰਲ ਪੀਤੀ
ਅੱਜ ਵਰ੍ਹਿਆਂ ਪਿੱਛੋਂ ਮਿਲਿਆ ਏਂ
ਦਿਲ ਖੋਲ੍ਹ ਕੇ ਯਾਰਾ ਗੱਲ ਕੀਤੀ
ਉਹ ਵਕਤ ਬੀਤ ਗਏ ਹੁਣ ਅੜਿਆ
ਜਦ ਉੱਚੀ ਹੇਕਾਂ ਲਾਉਂਦੇ ਸੀ
ਜਦ ਡੋਰ ਸੀ ਇਹਨਾਂ ਹੱਥਾਂ ਵਿਚ
ਇੱਕ ਲਾਹੁੰਦੇ ਤੇ ਇੱਕ ਪਾਉਂਦੇ ਸੀ
ਹੁਣ ਵਾਰੋ ਵਾਰੀ ਮੁੜ ਜਾਦੇਂ
ਕੋਈ ਸਾਉਣ ਵੇਲੇ ਕੋਈ ਹਾੜ ਵੇਲੇ
ਅਸੀਂ ਜੇਰੇ ਪੱਕੇ ਕਰ ਲਏ ਨੇ
ਕੋਈ ਪੱਕਾ ਫੇਰਾ ਪਾਉਂਦਾ ਨਹੀਂ
ਹੁੰਦੀ ਸੀ ਕੱਚੀ ਡੋਰ ਜੀਹਨੂੰ
ਫੇਰ ਸੂਤ ਕੇ ਪੱਕਾ ਕਰਦੇ ਸੀ
ਹੁਣ ਮਿਲਣ ਬਜ਼ਾਰੀ ਲੱਗੇ ਨੇ
ਕੋਈ ਘਰੇ ਪਤੰਗ ਬਣਾਉਂਦਾ ਨਹੀਂ
ਅਸੀਂ ਇੱਕੋ ਥਾਲੀ ਵਿੱਚ ਸੱਜਣਾਂ
ਸਭ ਆੜੀ ਰੋਟੀ ਖਾਦੇਂ ਸਾਂ
ਹੁਣ ਚਹੁੰ ਪਕਵਾਨੀ ਢਿੱਡ ਭਰਕੇ ਵੀ
ਸਬਰ ਦਿਲਾਂ ਨੂੰ ਆਉਂਦਾ ਨਹੀਂ
ਹੁਣ ਬਦਲ ਗਏ ਹਾਲਾਤ ਬੜੇ
ਤੇ ਦਿਲ ਵੀ ਪੱਥਰ ਜਿਹੇ ਹੋ ਗਏ
ਕਰ ਮੋਛੇ ਮੋਛੇ ਮਿਲਦਾ ਨਹੀਂ
ਕੋਈ ਹੁਣ ਗਲਵੱਕੜੀ ਪਾਉਂਦਾ ਨਹੀਂ
'ਭੰਗੂ' ਇਹ ਹੱਥ ਹਾਲਾਤਾਂ ਦੇ
ਜੋ ਹੋਣਾ ਹੁੰਦਾ ਹੋ ਜਾਂਦੈ
ਬੰਦੇ ਦਾ ਬੰਦਾ ਦਾਰੂ ਐ
ਕੋਈ ਆਪ ਵਿਛੋੜੇ ਪਾਉਂਦਾ ਨਹੀਂ

# ਹੋਰ ਬਣ ਗਿਆ

ਮੈਂ ਭੜਕੀ ਹੋਈ ਭੀੜ ਦਾ ਇਕ ਸ਼ੋਰ ਬਣ ਗਿਆ
ਇੱਕ ਨਗਮਾ ਸੀ ਮੈਂ ਪਿਆਰ ਦਾ ਹੁਣ ਹੋਰ ਬਣ ਗਿਆ
ਬਣਨ ਨੂੰ ਤਾਂ ਬਣ ਜਾਂਦਾ ਉਂਝ ਕੁੱਝ ਵੀ ਮੈਂ ਚਾਹੁਣ ਤੇ
ਪਰ ਤੈਨੂੰ ਚਾਹੁਣ ਤੋਂ ਮਗਰੋਂ ਕੁੱਝ ਕਮਜੋਰ ਬਣ ਗਿਆ
ਇਸ਼ਕ ਦੇ ਰਾਹਾਂ ਦੇ ਵਿੱਚ ਮੁਸ਼ਕਿਲ ਦੌਰ ਨੇ ਬੜੇ
ਕੋਈ ਦਿਲਦਾਰ ਲਈ ਰੱਬ ਜਾਂ ਦਿਲਾਂ ਦਾ ਚੋਰ ਬਣ ਗਿਆ
ਮੁਹੱਬਤ ਸੀ ਇਸ ਕਦਰ ਕੇ ਤੂੰ ਮੈਂ ਇੱਕ ਹੀ ਤਾਂ ਸੀ
ਕਿ ਟੁਕੜੇ ਹੋ ਗਏ ਤੂੰ ਸ਼ੀਸ਼ਾ ਮੈਂ ਲਿਸ਼ਕੋਰ ਬਣ ਗਿਆ
ਇਹ ਬੂਟਾ ਪਿਆਰ ਦਾ ਸੁਕਦਾ ਸਮੇਂ ਬੇਮੌਸਮੇ ਜਾ ਕੇ
ਨਾ ਫੁੱਲ ਨਾ ਫਲ ਮੈਂ ਵੇਖਿਆ ਮੁਕੱਦਰ ਜ਼ੋਰ ਬਣ ਗਿਆ
ਜੇ ਸਭ ਨੇ ਪਾ ਲਿਆ ਹੁੰਦਾ ਇਸ਼ਕ ਦੀ ਕਦਰ ਘਟਣੀ ਸੀ
ਤੇਰਾ ਮੇਰਾ ਨਾਂ ਮਿਲਣਾ ਸ਼ਾਇਦ ਸਮੇਂ ਦੀ ਲੋੜ ਬਣ ਗਿਆ
ਜੇ ਸਿਲਸਿਲੇ ਮੁੱਕ ਜਾਣ ਕਿਧਰੇ ਤਾਂ ਫਿਰ ਹੈ ਬਾਤ ਮੁੱਕ ਜਾਂਦੀ
ਪਹਿਲਾਂ ਸੀ ਜ਼ਖ਼ਮ ਜਿਹੜਾ ਹੁਣ ਉਹੀ ਟਕੋਰ ਬਣ ਗਿਆ
ਪਰਖਦੈ ਹਰ ਕੋਈ ਖੁਦ ਨੂੰ ਪੈਮਾਨ-ਏ-ਇਸ਼ਕ ਵਿੱਚ ਇੱਕ ਵਾਰ
ਕਿ ਚੰਨ ਨੂੰ ਪਾਉਣ ਦੀ ਹਸਰਤ 'ਚ ਹੈ ਕੋਈ ਚਕੋਰ ਬਣ ਗਿਆ
ਭਟਕਦੇ ਪੈਰਾਂ ਨੂੰ ਵੀ ਕਦੇ ਕੋਈ ਮੰਜ਼ਿਲ ਤਲਾਸ਼ੇਗੀ
ਮੈਂ ਰਾਹਾਂ ਵਿੱਚ ਗੁਜ਼ਰ ਕਰਕੇ ਰਾਹਾਂ ਦਾ ਰੋੜ ਬਣ ਗਿਆ
ਇਹ 'ਭੰਗੂ' ਦਿਲ ਦੀਆਂ ਰਮਜਾਂ ਕੋਈ ਸਮਝੂਗਾ ਦਿਲ ਵਾਲਾ
ਸੱਚ ਪੁੱਛੇਂ ਸ਼ਹਿਰ ਤੇਰੇ ਆ ਕੇ ਮੈਂ ਸੱਜਣਾ ਚੋਰ ਬਣ ਗਿਆ

# ਕੁੜੀਓ

ਮੇਰੇ ਵਤਨ ਦੀਓ ਸ਼ਹਿਜ਼ਾਦੀਓ
ਤੁਹਾਨੂੰ ਰੱਜ ਰੱਜ ਚੜ ਜਵਾਨੀਆਂ
ਤੁਸੀ ਮੀਰਾ ਝਾਂਸੀ ਵਾਂਗਰਾਂ
ਕੋਈ ਨਵੀਆਂ ਲਿਖੋ ਕਹਾਣੀਆਂ
ਜੇ ਲੋੜ ਪਵੇ ਤਾਂ ਬਣ ਜਾਣਾ
ਤਿੱਖੀ ਤਲਵਾਰ ਦੀ ਧਾਰ ਵੀ
ਮਮਤਾ ਦੀਆਂ ਸੱਚੀਆਂ ਸੂਰਤਾਂ
ਇਹ ਬੜੀਆਂ ਸੁਘੜ ਸਿਆਣੀਆਂ
ਮੇਰੇ ਸੋਹਣੇ ਦੇਸ਼ ਪੰਜਾਬ ਦਾ
ਤੁਸੀ ਫ਼ਖ਼ਰ ਬਣੋ ਸਨਮਾਨ ਵੀ
ਕੋਈ ਐਸਾ ਜੌਹਰ ਵਿਖਾ ਦਿਉ
ਅੱਗ ਲਾ ਦਿਉ ਪੰਜਾਂ ਪਾਣੀਆਂ
ਤੁਸੀ ਲਿਖ ਦਿਉ ਗੀਤ ਪਿਆਰ ਦੇ
ਕੋਈ ਝਾਂਜਰ ਦੀ ਛਣਕਾਰ ਦੇ
ਅੱਗੇ ਹੋ ਬੀੜੇ ਚੁੱਕ ਲਉ
ਭਣ ਜਾਊ ਗਿੱਧੀਆਂ ਦੀਆਂ ਰਾਣੀਆਂ
ਭੋਰਾ ਨਾਂ ਡਰਿਉ ਸਹਿਕਿਓ
ਤੁਸੀ ਫੁੱਲਾਂ ਵਾਗੂੰ ਮਹਿਕਿਓ
ਜੋ ਦਿਲ ਵਿੱਚ ਹੋ ਉੱਠ ਕਹਿ ਦਿਉ
ਇਹ ਮੁੜ ਨਾਂ ਕਹੀਆਂ ਜਾਣੀਆਂ
ਤੁਸੀ ਆਪਣੇ ਹੱਥੀਂ ਸਿਰਜ ਲਉ
ਆਪਣੀ ਜਿੰਦਗੀ ਦੇ ਚਾਵਾਂ ਨੂੰ
ਨਾਂ ਫਰਜ਼ ਦੀ ਸੂਲੀ ਚੜ ਜਿਉ

ਇਹ ਮੁੜ ਨਾਂ ਆਉਣ ਜਵਾਨੀਆਂ
ਓ ਕੁੜੀਓ ਰੁੜ ਪੁੜ ਜਾਣੀਓ
ਕਿਸੇ ਰਾਜੇ ਦੀਓ ਪਟਰਾਣੀਓ
ਮੋਢੇ ਨਾਲ ਮੋਢਾ ਜੋੜ ਲਓ
ਬਣ ਧੀਆਂ ਜਾਓ ਸਿਆਣੀਆਂ
ਹਰ ਹੱਕ ਬਰਾਬਰ ਸਮਝ ਕੇ
ਦਿਲ ਕਰੜਾ ਕਰ ਕਮਜੋਰ ਤੂੰ
ਕਰ ਲਈਆਂ ਬਹੁਤ ਗੁਲਾਮੀਆਂ
ਹੁਣ ਹੋਰ ਨਾ ਸਹੀਆਂ ਜਾਣੀਆਂ
ਸਭ ਹੋ ਜਾਣਾ ਤੂੰ ਕਰਨਾ ਕੀ
ਜੇ ਕਰਨਾ ਤਾਂ ਫਿਰ ਡਰਨਾ ਕੀ
ਬੱਸ ਇੱਕ ਵਾਰੀ ਸ਼ੁਰੂਆਤ ਕਰ
ਫਿਰ ਮੁੜ ਨਾ ਰੋਕੀਆ ਜਾਣੀਆਂ
ਹੱਕਾਂ ਲਈ ਲੜਨਾ ਪੈਦਾ ਏ
ਅੱਗਾਂ ਤੇ ਖੜ੍ਹਨਾ ਪੈਂਦਾ ਏ
ਉਂਝ ਔਖੀਆਂ ਨੇ ਕੁੱਝ ਰਾਹਾਂ ਪਰ
'ਭੰਗੂ' ਮੰਜਿਲ ਵੱਲ ਨੂੰ ਜਾਣੀਆਂ

# ਸੱਜਣਾ

ਜੇ ਸੱਜਣਾ ਛੱਡ ਕੇ ਜਾਣਾ ਸੀ ਤੈਨੂੰ ਰੋਕ ਲੈਣਾ ਸੀ ਹੱਥ ਫੜਕੇ
ਤੈਨੂੰ ਹੱਸਦੀ ਹੱਸਦੀ ਤੋਰ ਦਿੰਦੀ ਸੱਜਣਾ ਜੇ ਜਾਂਦਾ ਨਾਂ ਲੜਕੇ

ਇਹਨਾਂ ਬੁੱਲ੍ਹੀਆਂ ਦਾ ਤੂੰ ਹਾਸਾ ਵੇ ਚੰਨਾ ਨਾਲ ਹੀ ਖੋਹ ਕੇ ਲੈ ਚੱਲਿਉਂ
ਇਹ ਚੰਦਰੀ ਪੀੜ ਤੂੰ ਉਮਰਾਂ ਲਈ ਦੇ ਯਾਰ ਅਲਵਿਦਾ ਕਹਿ ਚੱਲਿਉਂ
ਹੱਥ ਜੋੜਕੇ ਮਾਫ਼ੀ ਮੰਗ ਲੈਂਦੀ ਜਾਂ ਖੜ ਜਾਂਦੀ ਵੇ ਮੈਂ ਅੜਕੇ
ਜੇ ਸੱਜਣਾ..........................................

ਤੂੰ ਤਾਂ ਚੀਰ ਸਮੁੰਦਰਾਂ ਉੱਡ ਜਾਣਾ ਭੁੱਲ ਜਾਣਾ ਬੀਤੇ ਹਰ ਪਲ ਨੂੰ
ਬੇਦਰਦ ਜਮਾਨੇ ਦੀ ਠੋਕਰ ਮੈ ਸਹਿਣੀ ਅੱਜ ਨਹੀਂ ਤਾਂ ਕੱਲ੍ਹ ਨੂੰ
ਕਦੇ ਚੇਤੇ ਕਰ ਲਈਂ ਪਲ ਬੀਤੇ ਦੋ ਪਲ ਸੱਜਣਾਂ ਦੇ ਪਿੰਡ ਖੜ੍ਹਕੇ
ਜੇ ਸੱਜਣਾ..........................................

ਕੀ ਵਿਛੜਿਆਂ ਦਾ ਮੁੜਨਾ ਤੇ ਟੁੱਟੇ ਸ਼ੀਸ਼ੇ ਦਾ ਜੁੜਨਾ ਵੇ
ਅਸੀਂ ਟੁੱਟ ਕੇ ਚਕਨਾਚੂਰ ਹੋਏ ਤੇਰਾ ਸਾਡੇ ਬਿਨ ਕੀ ਥੁੜਨਾ ਵੇ
ਤੂੰ 'ਭੰਗੂ' ਮਾਣ ਜੁਆਨੀਆਂ ਵੇ ਅਸੀਂ ਜੀਲਾਂਗੇ ਹਿਜ਼ਰ ਦੀ ਬਾਂਹ ਫੜਕੇ
ਜੇ ਸੱਜਣਾ ਛੱਡ ਕੇ ਜਾਣਾ ਸੀ ਤੈਨੂੰ ਰੋਕ ਲੈਣਾ ਸੀ ਹੱਥ ਫੜਕੇ
ਤੈਨੂੰ ਹੱਸਦੀ ਹੱਸਦੀ ਤੋਰ ਦਿੰਦੀ ਸੱਜਣਾ ਜੇ ਜਾਂਦਾ ਨਾਂ ਲੜਕੇ

# ਗਿਲਾ

ਕੋਈ ਗਿਲਾ ਨਹੀਂ ਐ
ਨਾਂ ਜਿੰਦਗੀ ਤੇ
ਨਾਂ ਵਕਤ ਦੀਆਂ ਪਈਆਂ ਮਾਰਾਂ ਤੋਂ
ਕੋਈ ਗਿਲਾ ਨਹੀਂ ਐ ਨਾਂ ਜਿੰਦਗੀ ਤੇ ਨਾਂ ਵਕਤ ਦੀਆਂ ਪਈਆਂ ਮਾਰਾਂ ਤੋਂ

ਜਿਸ ਕੋਲੇ ਵੀ ਬਹਿ ਕੇ ਦਿਲ ਦੀ ਗੱਲ ਸੁਣਾ ਬੈਠੇ
ਪਿੱਛੇ ਮੁੜ ਕੇ ਤੱਕਿਆ ਉਹੀਓ ਯਾਰ ਗਵਾ ਬੈਠੇ
ਹਾਲੇ ਤਾਂ ਚਾਵਾਂ ਦੀ ਯਾਰਾ ਪੰਡ ਅਧੂਰੀ ਸੀ
ਵਕਤ ਨਾਲ ਲਾ ਸ਼ਰਤਾਂ ਗੁੱਝੀਆਂ ਮਾਰਾਂ ਖਾ ਬੈਠੇ
ਡਰ ਜਿਹਾ ਲੱਗਦਾ ਰਹਿੰਦਾ ਏ ਅਣਚਾਹੀਆਂ ਹਾਰਾਂ ਤੋਂ
ਕੋਈ ਗਿਲਾ ਨਹੀਂ ਐ............................

ਸੁਣਦੇ ਰਹੇ ਜੋ ਦਿਲ ਦੀ ਤਾਹੀਉਂ ਇਹ ਪਲ ਦੇਖੇ ਨੇ
ਆਪਣੀ ਹੱਡੀਆਂ ਦਾ ਬਾਲਣ ਹੱਥ ਆਪਣੇ ਸੇਕੇ ਨੇ
ਕਦੇ ਕਦੇ ਤਾਂ ਲੱਗਦੈ ਕੁੱਝ ਖੁਦ ਵਿੱਚ ਹੀ ਖੋਟਾਂ ਨੇ
ਆਪਣੇ ਅਤੇ ਬੇਗਾਨੇ ਦੇ ਜੋ ਰਹੇ ਭੁਲੇਖੇ ਨੇ
ਹਰਜ਼ ਨਹੀਂ ਕੋਈ ਹੁੰਦੈ ਜੋ ਪਿੱਠ ਪਿਛਲੇ ਵਾਰਾਂ ਤੋਂ
ਕੋਈ ਗਿਲਾ ਨਹੀਂ ਐ.........................

ਮੈਂ ਲੇਖਾ ਜੋਖਾ ਜਦ ਵੀ ਲਾਇਆ ਉਮਰਾਂ ਦਾ
ਮੇਰੀ ਝੋਲੀ ਦੇ ਵਿੱਚ ਕੁੱਝ ਯਾਦਾਂ ਅਰਮਾਨ ਜਿਹੇ
ਇਸ਼ਕ ਦਿਆਂ ਰਾਹਾਂ ਦੇ ਉੱਜੜੇ ਬੂਟੇ ਹਾਂ
ਕਿਸੇ ਔੜਾਂ ਮਾਰੀ ਧਰਤੀ ਦੀ ਮੁਸਕਾਨ ਜਿਹੇ
ਹਰ ਮੁੱਕ ਗਈ ਹੈ ਹਸਰਤ 'ਭੰਗੂ' ਪਿਆਰਾਂ ਤੋਂ
ਕੋਈ ਗਿਲਾ ਨਹੀਂ ਐ
ਨਾਂ ਜਿੰਦਗੀ ਤੇ
ਨਾਂ ਵਕਤ ਦੀਆਂ ਪਈਆਂ ਮਾਰਾਂ ਤੋਂ
ਕੋਈ ਗਿਲਾ ਨਹੀਂ ਐ ਨਾਂ ਜਿੰਦਗੀ ਤੇ ਨਾਂ ਵਕਤ ਦੀਆਂ ਪਈਆਂ ਮਾਰਾਂ ਤੋਂ

## ਮੇਰੀ ਜਾਨ

ਲੋਕਾਂ ਕੋਲ਼ੋਂ ਜਿਸ ਨੂੰ ਚੁਰਾ ਕੇ ਰੱਖਿਆ
ਇੱਕ ਚਿਹਰਾ ਅੱਖਾਂ 'ਚ ਛੁਪਾ ਕੇ ਰੱਖਿਆ
ਦੱਸਿਆ ਨੀ ਭਾਵੇਂ ਪਰ ਉੱਚੀ ਉੱਚੀ ਆਖੀਏ
ਦਿਲ ਅਸੀਂ ਦਿਲ ਨਾ਼ਲ ਵਟਾ ਕੇ ਰੱਖਿਆ
ਮਣਾਂ ਮੂਹਾਂ ਕਰਦੀ ਹੈ ਰੱਜ ਕੇ ਪਿਆਰ ਉਹੋ
ਅਸੀਂ ਵੀ ਤਾਂ ਭਰਦੇ ਗਵਾਹੀ ਉਹਦੇ ਸਾਹਾਂ 'ਚ
ਜਾਨ ਤੇ ਸ਼ੈਤਾਨ ਵਾਂਗੂੰ ਕਬਜ਼ਾ ਹੈ ਜੀਹਦਾ
ਉਸ ਚੰਦਰੀ ਨੂੰ ਸਾਹਾਂ 'ਚ ਵਸਾ ਕੇ ਰੱਖਿਆ
ਬੋਲਦੀ ਹੈ ਭੰਗ ਚੜੀ ਇਸ਼ਕੇ ਦੀ ਬੋਲਾਂ ਵਿੱਚੋਂ
ਹੋਵੇ ਮਹਿਸੂਸ ਮੈਨੂੰ ਦੁਨੀਆਂ ਦੀ ਹਰ ਸ਼ੈਅ ਚੋਂ
ਹਾਸੇ ਉਹਦੇ ਗੂੰਜਦੇ ਨੇ ਸਾਰਿਆਂ ਚੁਫੇਰਿਆਂ ਚੋਂ
ਰੋਮ ਰੋਮ ਜੀਹਨੇ ਹੈ ਹਸਾ ਕੇ ਰੱਖਿਆ
ਕੰਨਾਂ ਕੋਲ਼ੋਂ ਹੋਰ ਕੋਈ ਸੁਣੀ ਨਹੀਂ ਆਵਾਜ਼ ਜਾਂਦੀ
ਅੱਖਾਂ ਨੂੰ ਤਲਾਸ਼ ਇੱਕੋ ਮੁੱਖੜੇ ਦੀ ਰਹਿੰਦੀ ਐ
ਅੱਖੀਆਂ 'ਚ ਡੁੱਬਿਆ ਕੀ ਤਰਨਾ ਸਮੁੰਦਰਾਂ ਨੂੰ
'ਭੰਗੂ' ਰਾਜ ਇਹੇ ਚਿਰਾਂ ਤੋਂ ਲੁਕਾ ਕੇ ਰੱਖਿਆ

## ਪਰਾਈ

ਬੜੀ ਮਹਿਕ ਖਿੰਡਾਈ ਹਰ ਪਾਸੇ
ਕੋਈ ਖੁਸ਼ਬੂ ਲਾਈ ਲੱਗਦੀ ਐ
ਹੁਣ ਉੱਚੀ ਪਾ ਲਈ ਹੀਲ ਤੁਸੀਂ
ਉੱਚੀ ਥਾਂ ਲਾਈ ਲੱਗਦੀ ਐ
ਉਹ ਪਹਿਲਾਂ ਵਾਲ਼ੀ ਗੱਲ ਰਹੀ ਨਾਂ
ਹੁਣ ਤਾਂ ਸੱਜਣਾ ਦੇ ਵਿੱਚ
ਮੁੱਖੜੇ ਤੇ ਵੀ ਰੱਜ ਕੇ
ਲਾਲੀ ਸ਼ਾਲੀ ਲਾਈ ਲੱਗਦੀ ਐ
ਸਾਡੇ ਤਾਂ ਹੁਣ ਮੋੜ ਦਿੱਤੇ ਨੇ
ਖ਼ਤ ਵੀ ਸੋਹਣੇ ਸੱਜਣਾਂ ਨੇ
ਨਵਿਆਂ ਦੇ ਨਾਲ਼ ਫੋਟੋ
ਔਰਕੁਟ ਤੇ ਲਾਈ ਲੱਗਦੀ ਐ
ਨੀਵੀਂ ਪਾ ਕੇ ਲੰਘ ਜਾਂਦੇ ਸੀ
ਦਿਲਬਰ ਜਿਹੜੇ ਸਾਡੇ ਕੋਲੋਂ
ਬਾਂਹ 'ਚ ਬਾਂਹ ਪਾ ਲੰਘਦੇ
ਸ਼ਰਮ ਵੀ ਲਾਹੀ ਲੱਗਦੀ ਐ
ਉਂਗਲ਼ੀ ਫੜ ਫੜ ਜੀਹਨੂੰ
ਕਦੇ ਸਿਖਾਇਆ ਸੀ ਤੁਰਨਾ
ਉਹ ਅੰਬਰਾਂ ਤੇ ਉੱਡਦੀ
ਕਿੰਨੀ ਪਰਾਈ ਲੱਗਦੀ ਐ
'ਭੰਗੂ' ਇਹ ਤਾਂ ਉਹੀਓ
ਹੋ ਗਈ ਗੱਲ ਜਿਵੇਂ ਮਿੱਤਰਾ
ਮੈਨੂੰ ਬਿੱਲੀ ਕਰੇ ਮਿਆਊਂ
ਜੋ ਮੇਰੀ ਸਿਖਾਈ ਲੱਗਦੀ ਐ

# ਇਸ਼ਕ

ਏਸ ਇਸ਼ਕ ਦੇ ਬੜੇ ਤਜ਼ਰਬੇ ਕੀ ਕੀ ਕੰਮ ਕਰਾਇਆ
ਕੱਚੀ ਉਮਰੇ ਰਾਂਝੇ ਨੂੰ ਜਾ ਵੱਗ ਚਾਰਨੇ ਲਾਇਆ
ਅਕਲਾਂ ਉੱਤੇ ਪਰਦੇ ਪਾਉਂਦਾ ਐਸਾ ਇਸ਼ਕ ਦਾ ਸਾਇਆ
ਵਿੱਚ ਥਲਾਂ ਦੇ ਸੜ ਗਈ ਸੱਸੀ ਰੇਤਾ ਮਾਸ ਜਲਾਇਆ
ਪਾਕ ਮੁਹੱਬਤਾਂ ਪਾਉਣ ਦੀ ਖਾਤਿਰ ਬੰਦਾ ਕੀ ਨਹੀਂ ਕਰਦਾ
ਸ਼ੀਰੀਂ ਲਈ ਫਰਿਹਾਦ ਨੇ ਜਾ ਪੱਥਰਾਂ ਨਾਲ਼ ਮੱਥਾ ਲਾਇਆ
ਇਸ਼ਕ ਵਹਿਣ ਵਿੱਚ ਰੁੜਿਆਂ ਨੂੰ ਦੱਸ ਰੋਕ ਕੌਣ ਹੈ ਸਕਦਾ
ਛੱਲਾਂ ਦੇ ਵਿੱਚ ਸੋਹਣੀ ਨੇ ਜਾ ਆਪਣਾ ਆਪ ਗਵਾਇਆ
ਯਾਰ ਦੀ ਖ਼ਾਤਿਰ ਕੀ ਨਹੀਂ ਕਰਦੇ ਕਰਨਾ ਵੀ ਹੈ ਬਣਦਾ
ਮਹੀਂਵਾਲ ਨੇ ਮਾਸ ਆਪਣਾ ਪੱਟ ਚੋਂ ਚੀਰ ਖਵਾਇਆ
ਲਾ ਲੈਂਦੇ ਨੇ ਜਿਹੜੇ ਲਾ ਕੇ ਆਖਰ ਤੀਕ ਨਿਭਾਉਂਦੇ
ਲੈਲਾ ਲੈਲਾ ਕਰਦੇ ਮਜਨੂੰ ਮੌਤ ਨੂੰ ਗਲ਼ ਨਾਲ਼ ਲਾਇਆ
ਆਸ਼ਕ ਮਰਦੇ ਕੀ ਨਹੀਂ ਕਰਦੇ ਮਾਰ ਹੁਸਨ ਦੀ ਐਸੀ
ਪਰੀਆਂ ਦੇ ਉਸ  ਦੇਸ਼ 'ਚ ਲੱਭਦਾ ਹੁਸਨਾਂ ਦਾ ਸਰਮਾਇਆ
ਸਦੀਆਂ ਤੋਂ ਇਹ ਹੁਸਨ ਇਸ਼ਕ ਦੀ ਚਲਦੀ ਲੁਕਣ ਮਿਚਾਈ
ਪਰ ਆਖਰ ਨੂੰ ਇਸ਼ਕ ਜਵਾਨਾ ਲੁਕਦਾ ਨਹੀਂ ਲੁਕਇਆ
ਲੁਟ ਜਾਂਦੇ ਨੇ ਮਿਟ ਜਾਂਦੇ ਨੇ ਧੁਰੋਂ ਜੋ ਲੇਖ ਲਿਖਾਕੇ ਆਉਂਦੇ
ਇਸ਼ਕ ਹਕੀਕੀ ਪਾਉਣ ਨੂੰ ਇਸ਼ਕ ਮਜਾਜੀ ਦਾ ਰਾਹ ਪਾਇਆ
ਕੀ 'ਭੰਗੂ' ਤੂੰ ਕੀਤਾ ਦੱਸਦੇ ਇਸ਼ਕ ਦੇ ਵਿਹੜੇ ਆ ਕੇ
ਨਾਂ ਤਾਂ ਹਿਜ਼ਰ ਹੰਢਾਇਆ ਨਾਂ ਤੂੰ ਆਪਣਾ ਆਪ ਲੁਟਾਇਆ

# ਗੁੜ੍ਹਤੀ

ਅੰਮ੍ਰਿਤ ਦੇ ਬਾਟੇ ਦੀ ਗੁੜ੍ਹਤੀ
ਤਨ ਮਨ ਅੰਮ੍ਰਿਤ ਕਰ ਜਾਂਦੀ ਹੈ
ਰਹਿਤ ਗੁਰੂ ਦੀ ਹੈ ਮਰਿਆਦਾ
ਦੁੱਖ ਸੰਗਤ ਦੇ ਹਰ ਜਾਂਦੀ ਹੈ
ਕੀ ਖੱਟਿਆ ਅਸੀਂ ਵਿੱਚ ਚਰਾਸੀ
ਕਿੰਨਾਂ ਸਾਡਾ ਲਹੂ ਵਹਿ ਗਿਆ
ਆਪਣੀ ਝੋਲ਼ੀ ਚੁੱਕ ਕੇ ਵੇਖੋ
ਕੀ ਸਾਡੇ ਪੱਲੇ ਵਿੱਚ ਰਹਿ ਗਿਆ
ਇਤਿਹਾਸ ਨੂੰ ਫਿਰ ਦੁਹਰਾਉਣਾ ਚਾਹੁੰਦੇ
ਚੁੱਕ ਕੇ ਰਫ਼ਲਾਂ ਤੇ ਤਲਵਾਰਾਂ
ਜ਼ਖ਼ਮ ਹਾਲੇ ਵੀ ਜਿਉਂ ਦੇ ਤਿਉਂ ਨੇ
ਜੋ ਝੱਲੇ ਸਨ ਸਿੱਖ ਪਰਿਵਾਰਾਂ
ਜੇ ਗੁਰੂ ਦੇ ਰਾਹ ਤੇ ਚੱਲਣਾ ਚਾਹੁੰਦੇ
ਬਾਂਹ ਉਹਨਾਂ ਦੀ ਫੜ ਲਉ ਜਾ ਕੇ
ਨਹੀਂ ਹੋਰ ਪਤਾ ਨਹੀਂ ਕਿੰਨੀਆਂ ਜਾਨਾਂ
ਰੁਲ਼ਣਾ ਏ ਸੜਕਾਂ ਤੇ ਆ ਕੇ
ਕੀ ਕੱਢਣਾ ਕੀ ਪਾਉਣਾ ਚਾਹੁੰਦੇ
ਲਹੂ ਦੀ ਝਨਾਂ ਵਹਾਉਣਾ ਚਾਹੁੰਦੇ
ਨਿੰਦਾ ਹੋਰਾਂ ਦੀ ਕਰ ਕਰਕੇ
ਗੁਰੂ ਦਾ ਦਾਸ ਕਹਾਉਣਾ ਚਾਹੁੰਦੇ
ਭਲਿਉ ਲੋਕੋ ਦਸ ਮਿੰਟਾਂ ਵਿੱਚ
ਕੱਢ ਲੈਂਦੇ ਹੋ ਸਭ ਤਲਵਾਰਾਂ
ਗੁਰੂਆਂ ਨੇ ਦਸ ਪੁਸ਼ਤਾਂ ਮਗਰੋਂ
ਅੱਕ ਕੇ ਕੀਤੀਆਂ ਸਨ ਇਹ ਕਾਰਾਂ
ਝੂਠ ਨਿੰਦਾ ਦੇ ਰਾਹ ਤੋਂ ਬਚਕੇ
ਦੁਨੀਆਂਦਾਰੀ ਹੰਢਾਉਂਦਾ ਜਾਵੀਂ
ਰੱਖ ਗੁਰੂ ਦੇ ਚਰਣਾਂ ਵਿੱਚ ਸਿਰ
'ਭੰਗੂ' ਫ਼ਰਜ਼ ਨਿਭਾਉਂਦਾ ਜਾਵੀਂ

## ਇਸ਼ਕ ਦੇ ਪੱਟੇ

ਇਹਨਾਂ ਇਸ਼ਕ ਦੇ ਪੱਟਿਆਂ ਦੇ ਹਾਲ ਵੇਖ ਲਉ
ਦਿਨੇ ਭੁੱਲ ਜਾਂਦੇ ਪੜ੍ਹਨ ਕਿਤਾਬਾਂ ਜਾਣ ਲੱਗੇ
ਇਹੇ ਸਾਰਾ ਦਿਨ ਰਹਿੰਦੇ ਨੇ ਖੁਮਾਰੀ ਵਿੱਚ ਡੁੱਬੇ
ਸ਼ਾਮੀਂ ਆਉਣ ਲੱਗੇ ਯਾਰ ਕੋਲ਼ ਰੁਮਾਲ ਭੁੱਲ ਜਾਂਦੇ ਨੇ

ਇਹਨਾਂ ਦਿਲ ਦੇ ਮਰੀਜਾਂ ਨੂੰ ਬਿਮਾਰੀਆਂ ਨੇ ਕਈ
ਇਹੇ ਬੋਲਦੇ ਬੁਲਾਇਆਂ ਨਹੀਂ ਕਿੰਨੀ ਕਿੰਨੀ ਵਾਰੀ
ਕਿਤੇ ਛੇੜ ਲਵੋ ਸੱਜਣਾਂ ਦਾ ਨਾਮ ਲੈ ਕੇ ਤੁਸੀਂ
ਸਾਰੀ ਦੁਨੀਆਂ ਦਾ ਮਿੱਤਰੋ ਖਿਆਲ ਭੁੱਲ ਜਾਂਦੇ ਨੇ

ਜਿਵੇਂ ਜਿਵੇਂ ਚੜ੍ਹੀ ਜਾਵੇ ਰੰਗ ਇਹ ਮੁਹੱਬਤਾਂ ਦਾ
ਜਿਸਮਾਂ ਤੋਂ ਰੂਹਾਂ ਦੇ ਨੇ ਫਾਸਲੇ ਜਿਹੇ ਘਟੀ ਜਾਂਦੇ
ਰੋਗ ਜੋ ਮੁਹੱਬਤਾਂ ਦਾ ਚੰਦਰਾ ਇਹ ਐਸਾ ਹੈ
ਲੱਗੀਆਂ 'ਚ ਰੀਤਾਂ ਤੇ ਰਿਵਾਜ ਭੁੱਲ ਜਾਂਦੇ ਨੇ

ਜੱਗ ਤੇ ਕੀ ਆਇਆ ਇੱਕ ਵਾਰ ਵੀ ਜੇ ਚੱਖਿਆ ਨਾਂ
ਹੁੰਦਾ ਕੀ ਸਵਾਦ ਫੁੱਲਾਂ ਉੱਤੇ ਪਈ ਤਰੇਲ ਦਾ
'ਭੰਗੂ' ਉਏ ਨੈਣਾਂ ਦੇ ਪਿਆਲਿਆਂ ਚੋਂ ਪੀ ਕੇ ਦੇਖ
ਅਕਲਾਂ ਕੀ ਹੁੰਦੀਆਂ ਨੇ ਹੋਸ਼ ਭੁੱਲ ਜਾਂਦੇ ਨੇ

# ਅਮੀਰ

ਹਾਂ ਮੈਂ ਅਮੀਰ ਹੋਣਾ ਚਾਹੁੰਦਾ ਹਾਂ
ਕਿਉਂਕਿ ਜਦੋਂ ਵੀ ਮਾਰ ਪੈਂਦੀ ਹੈ ਗਰੀਬਾਂ ਨੂੰ ਹੀ ਪੈਂਦੀ ਐ
ਕਿਓਂਕਿ ਜਦੋਂ ਵੀ ਹੱਥ ਪੈਂਦਾ ਪੱਗ ਗਰੀਬਾਂ ਦੀ ਲਹਿੰਦੀ ਐ
ਹੋਣਗੇ ਉਹ ਹੋਰ ਹੀ ਜਿਨ੍ਹਾਂ ਦੇ ਘਰ ਵਿੱਚ ਵਾਸ ਹੋਵੇਗਾ ਰੱਬ ਦਾ
ਸਾਡੇ ਘਰ ਦੀ ਹਰ ਸ਼ੈਅ ਤਾਂ ਬਣਕੇ ਜਿਉਂ ਲਾਸ਼ ਰਹਿੰਦੀ ਐ
ਏਸੇ ਲਈ ਤਾਂ ਸਾਰੇ ਫ਼ਰਕ ਮਿਟਾਉਣੇ ਚਾਹੁੰਦਾ ਹਾਂ
ਹਾਂ ਮੈਂ ਅਮੀਰ ਹੋਣਾ ਚਾਹੁੰਦਾ ਹਾਂ

ਮੇਰੇ ਹੱਥ ਕਿਉਂ ਨਾਂ ਉਠੱਣਗੇ ਕਿਸੇ ਨੂੰ ਕੁੱਝ ਦੇਣ ਵਾਸਤੇ
ਕਿਤੋਂ ਕੁੱਝ ਮਿਲ ਹੀ ਜਾਵੇਗਾ ਕਿਉਂ ਅੱਡਾਂ ਹੱਥ ਏਸੇ ਆਸ ਤੇ
ਜਿਉਂਦੇ ਜੀ ਨਾਂ ਦੇਖਿਆ ਜੇ ਕੀ ਸਵਰਗ ਹੁੰਦਾ ਹੈ
ਨਰਕ ਵੱਲ ਨੂੰ ਜਾਣਗੇ ਮੇਰੇ ਘਰ ਤੋਂ ਨਿਕਲ਼ਦੇ ਸਭ ਰਾਸਤੇ
ਆਪਣੇ ਗਲ਼ੋਂ ਮੈਂ ਇਹ ਗੁਲਾਮੀ ਲਾਹੁਣੀ ਚਾਹੁੰਦਾ ਹਾਂ
ਹਾਂ ਮੈਂ ਅਮੀਰ ਹੋਣਾ ਚਾਹੁੰਦਾ ਹਾਂ

ਲੰਬੜਾਂ ਦਾ ਮੁੰਡਾ ਦੇਖਿਆ ਸੀ ਗਲ਼ੀ 'ਚ ਮੈਂ ਕੱਲ੍ਹ
ਬੜੀ ਮਾੜੀ ਨੀਤ ਨਾ਼ਲ ਵੇਖੇ ਹਰ ਕੁੜੀ ਵੱਲ
ਉਹਨੂੰ ਵੀ ਪਤਾ ਹੈ ਗੱਲ ਇਹੀਉ ਸਿਖਾਈ ਐ
ਇਹਨਾਂ ਕਿਹੜਾ ਬੋਲਣਾ ਜੋ ਜੀ ਕਰੇ ਕਰੀ ਚੱਲ
ਨਿੱਤ ਨਵੀਂ ਜ਼ਿੱਲਤ ਨੂੰ ਗਲ਼ ਨਾ਼ਲ ਲਾਉਂਦਾ ਹਾਂ
ਹਾਂ ਮੈਂ ਅਮੀਰ ਹੋਣਾ ਚਾਹੁੰਦਾ ਹਾਂ

ਬੰਦਿਆਂ ਦੀ ਥੋੜਾ ਅਸੀਂ ਆਏ ਹਾਂ ਹੰਢਾਉਣ ਜੂਨ
ਡੰਗਰਾਂ ਦੀ ਜੂਨ ਸਾਨੂੰ ਬੰਦਿਆਂ ਦੀ ਮਿਲੀ ਖੱਲ
ਅੱਕ ਗਏ ਹਾਂ ਭੋਗ ਕੇ ਗਰੀਬੀ ਦੇ ਸਰਾਪ ਨੂੰ
ਦੇਖਣਾ ਏ ਕਦੋਂ ਅਸੀਂ ਰੱਬਾ ਤੇਰੇ ਪ੍ਰਤਾਪ ਨੂੰ
ਮੈਂ ਕਿਹੜਾ ਉਮਰਾਂ ਦੇ ਭਾਰ ਢੋਹਣਾ ਚਾਹੁੰਦਾ ਹਾਂ
ਹਾਂ ਮੈਂ ਅਮੀਰ ਹੋਣਾ ਚਾਹੁੰਦਾ ਹਾਂ

ਦਰ ਦਰ ਖਾ ਲਈਆਂ ਨੇ ਠੋਕਰਾਂ ਬਥੇਰੀਆਂ
ਗੱਲਾਂ ਹੁਣ ਹੋਣਗੀਆਂ ਤੇਰੀਆਂ ਤੇ ਮੇਰੀਆਂ
ਰੱਬਾ ਮੈਂ ਵੀ ਹੁਣ ਸੋਚ ਲਿਆ ਅੱਕ ਕੇ
ਪੈਸਾ ਰੱਬ ਪੈਸੇ ਦੀਆਂ ਲਿਆ ਦੇਊਂ ਹਨ੍ਹੇਰੀਆਂ
ਇੱਜ਼ਤ ਮੈਂ ਆਪਣੀ ਬਚਾਉਣੀ ਚਾਹੁੰਦਾ ਹਾਂ
ਹਾਂ ਮੈਂ ਅਮੀਰ ਹੋਣਾ ਚਾਹੁੰਦਾ ਹਾਂ
ਹਾਂ ਮੈਂ ਵੀ ਅਮੀਰ ਹੋਣਾ ਚਾਹੁੰਦਾ ਹਾਂ
ਹਾਂ ਮੈਂ ਹੁਣ ਅਮੀਰ ਹੋਣਾ ਚਾਹੁੰਦਾ ਹਾਂ

# ਸਾਦਗੀ

ਹਰ ਕੋਈ ਬਣਨਾ ਚਾਹੁੰਦਾ ਤੇਰਾ
ਤੇਰੇ ਨਾਮ ਬੁੱਲ੍ਹਾਂ ਤੇ ਮੇਰਾ
ਤੈਨੂੰ ਦਿਲ ਵਾਲ਼ੇ ਸ਼ੀਸ਼ੇ 'ਚ ਜੜਾਇਆ ਸੋਹਣੀਏ ਨੀ
ਤੇਰੀ ਸਾਦਗੀ ਨੇ ਹਾਲ ਇਹ ਬਣਾਇਆ ਸੋਹਣੀਏ ਨੀ

ਕੋਲ਼ੋਂ ਕੋਲ਼ੋਂ ਦੀ ਉਹ ਨੀਵੀਂ ਪਾ ਕੇ ਲੰਘ ਜਾਣਾ ਤੇਰਾ
ਦੂਰੋਂ ਤੱਕਣਾ ਤਕਾਉਣਾ ਨੇੜੇ ਸੰਗ ਜਾਣਾ ਤੇਰਾ
ਤੈਨੂੰ ਸੁਫ਼ਨੇ ਵਿੱਚ ਬੁਲਾਵਾਂ
ਆਵੇ ਨੀਂਦ ਤਾਂ ਵੀ ਸੌਂ ਜਾਵਾਂ
ਮੇਰੀ ਜ਼ਿੰਦਗੀ ਨੂੰ ਰੋਗ ਕੈਸਾ ਲਾਇਆ ਸੋਹਣੀਏ ਨੀ
ਤੇਰੀ ਸਾਦਗੀ ਨੇ ਹਾਲ ਇਹ ਬਣਾਇਆ ਸੋਹਣੀਏ ਨੀ

ਮੈਨੂੰ ਆਉਂਦਾ ਬੜਾ ਪਿਆਰ ਤੇਰੇ ਮੁਖੜੇ ਪਿਆਰੇ ਦਾ
ਮਿੱਠੇ ਮਿੱਠੇ ਬੋਲਾਂ ਦਾ ਤੇ ਚੀਰ ਵਾਲ਼ਾਂ 'ਚ ਸ਼ਿੰਗਾਰੇ ਦਾ
ਤੈਨੂੰ ਨਜ਼ਰਾਂ ਨਾਂ ਲੱਗ ਜਾਵਣ
ਕਿਧਰੇ ਭੰਵਰੇ ਨਾਂ ਡੰਗ ਜਾਵਣ
ਤਾਂਹੀਉਂ ਨਜ਼ਰਾਂ 'ਚ ਤੈਨੂੰ ਹੈ ਵਸਾਇਆ ਸੋਹਣੀਏ ਨੀ
ਤੇਰੀ ਸਾਦਗੀ ਨੇ ਹਾਲ ਇਹ ਬਣਾਇਆ ਸੋਹਣੀਏ ਨੀ

'ਭੰਗੂ' ਦਿਆਂ ਗੀਤਾਂ ਦਾ ਮੁਕਾਮ ਬਣ ਚੱਲੀ ਐ
ਇਸ ਜ਼ਿੰਦਗੀ ਦੇ ਨਾਮ ਤੇ ਉਹ ਜਾਮ ਬਣ ਚੱਲੀ ਐ
ਨੀ ਤੂੰ ਵਿੱਚ ਖਿਆਲਾਂ ਆਵੇਂ
ਮੇਰੇ ਦਿਲ ਤੇ ਜਾਦੂ ਪਾਵੇਂ
ਤੈਨੂੰ ਰਗ ਰਗ ਵਿੱਚ ਹੈ ਵਸਾਇਆ ਸੋਹਣੀਏ ਨੀ
ਤੇਰੀ ਸਾਦਗੀ ਨੇ ਹਾਲ ਇਹ ਬਣਾਇਆ ਸੋਹਣੀਏ ਨੀ
ਤੈਨੂੰ ਦਿਲ ਵਾਲ਼ੇ ਸ਼ੀਸ਼ੇ 'ਚ ਜੜਾਇਆ ਸੋਹਣੀਏ ਨੀ

# ਜ਼ਮਾਨਾ

ਕੋਈ ਪਾਸ ਹੋ ਗਿਆ ਤੇ ਕੋਈ ਫੇਲ੍ਹ ਹੋ ਗਿਆ
ਇੰਝ ਲੱਗਦਾ ਜ਼ਮਾਨਾ ਜਿਵੇਂ ਜੇਲ੍ਹ ਹੋ ਗਿਆ

ਮੱਥੇ ਤੇ ਤਿਉੜੀਆਂ ਤੇ ਮਨ ਚ ਸਵਾਲ ਨੇ
ਕੱਲਾ ਨਹੀਂ ਤੂੰ ਦੌੜ ਵਿੱਚ ਸਾਰੇ ਤੇਰੇ ਨਾਲ ਨੇ
ਪੈਸੇ ਦੀ ਉਡੀਕ ਦੁਖ ਕਿਸੇ ਨੂੰ ਔਲਾਦ ਦੇ
ਜ਼ਿੰਦਗੀ ਨੇ ਬੁਣੇ ਚਾਰੇ ਪਾਸਿਆਂ ਤੋਂ ਜਾਲ ਨੇ
ਲੁਕਣ ਮਿਚਾਈਆਂ ਵਾਲਾ ਖੇਲ ਹੋ ਗਿਆ
ਇੰਝ ਲੱਗਦਾ.........................

ਕੋਈ ਲੜੇ ਵੋਟ ਪਿੱਛੇ ਕੋਈ ਹੱਕ ਪਾਉਣ ਲਈ
ਲੜਦੇ ਨੇ ਕੋਈ ਲੋਕ ਕਿਸੇ ਨੂੰ ਦਬਾਉਣ ਲਈ
ਖੂਨ ਬੜਾ ਹੋ ਗਿਆ ਏ ਸਸਤਾ ਬਜ਼ਾਰ ਵਿੱਚ
ਦੰਗੇ ਧਰਮਾਂ ਦੇ ਨਾਂ ਤੇ ਹੁੰਦੇ ਧਰਮ ਮਿਟਾਉਣ ਲਈ
ਬਲਦੀ ਦੇ ਉੱਤੇ ਸਭ ਤੇਲ ਹੋ ਗਿਆ
ਇੰਝ ਲੱਗਦਾ.........................

ਕੋਈ ਕਰੇ ਰੱਬ ਕੋਈ ਰੱਬ ਦੇ ਖਿਲਾਫ ਏ
ਕਈ ਸਭ ਕੁੱਝ ਕਰ ਕਹਿਣ ਦਿਲ ਸਾਡਾ ਸਾਫ ਏ
ਕੋਈ ਆਖੇ ਇਹ ਕਰੋ, ਆਹ ਕਰੋ, ਉਹ ਨਾਂ ਕਰੋ
ਪਤਾ ਨਹੀ ਕੀ ਜ਼ੁਲਮ ਤੇ ਕੀ ਇਨਸਾਫ ਏ
ਚੰਗੇ ਅਤੇ ਮਾੜੇ ਦਾ ਸੁਮੇਲ ਹੋ ਗਿਆ
ਇੰਝ ਲੱਗਦਾ.........................

ਤਨ ਉੱਤੇ ਕੱਪੜਾ ਨਹੀ ਰਹਿਣ ਨੂੰ ਮਕਾਨ ਨਹੀ
ਇੱਕ ਟੁੱਕ ਰੋਟੀ ਦੇ ਲਈ ਜੁੜਦੀ ਵੀ ਭਾਨ ਨਹੀ
ਕਿਸੇ ਦੀ ਕੋਈ 'ਭੰਗੂ' ਕਰੇ ਕੌਣ ਪਰਵਾਹ ਏਥੇ
ਬੜੇ ਮਸ਼ਰੂਫ਼ ਲੋਕੀਂ ਕਿਸੇ ਨੂੰ ਧਿਆਨ ਨਹੀ
ਧੁੱਪ ਚੜ੍ਹੀ ਢਲੇ ਜੋ ਤਰੇਲ ਹੋ ਗਿਆ
ਇੰਝ ਲੱਗਦਾ.........................

# ਭੁੱਖ

ਭੁੱਖ ਦੇ ਮੱਦੇਨਜ਼ਰ
ਮੈਂ
ਮੇਰੀ ਇੱਜ਼ਤ ਨੂੰ
ਕਿਸੇ ਦੇ ਕਦਮਾਂ ਵਿੱਚ ਧਰਦਾ
ਪਰ
ਮਰਦਾ ਕੀ ਨਹੀ ਕਰਦਾ
ਮਰਨ ਨਾਲੋਂ ਜ਼ਿੰਦਗੀ ਪਿਆਰੀ
ਤੇ ਇੱਜ਼ਤ !
ਇਹ ਕਿਸ ਸ਼ੈਅ ਦਾ ਨਾਮ ਐ
ਸਾਡੇ ਘਰ ਤਾਂ ਕਿਸੇ ਕੋਲ ਹੈ ਨਹੀ
ਸ਼ਾਇਦ ਕਿਸੇ ਸ਼ਾਹੂਕਾਰ ਕੋਲ ਹੋਵੇ
ਪੈਸੇ ਵਾਲੇ ਦਾ ਜ਼ਮਾਨਾ ਏ
ਮੈਂ ਤੇ ਮੇਰੀ ਜ਼ਿੰਦਗੀ
ਕੱਚੇ ਪਹੇ ਤੇ ਨਾਲੋ ਨਾਲ ਤੁਰਦੇ
ਗੱਲਾਂ ਕਰਦੇ
ਸਾਰੀ ਉਮਰ ਇੱਕ ਚੱਜ ਦੀ ਜੁੱਤੀ ਨਹੀ ਜੁੜੀ
ਪਰ ਥੋੜ ਵੀ ਹੈ ਨਹੀ
ਸ਼ਾਹੂਕਾਰਾਂ ਤੋਂ ਮਿਲੀ
ਇੱਕ ਪੁਰਾਣੀ ਜੁੱਤੀ
ਤੇ ਅਹਿਸਾਨਾ ਦੀ ਪੰਡ
ਹੋਰ ਚਾਹੀਦਾ ਵੀ ਕੀ ਏ
ਤੇ ਚਾਹੁਣ ਨਾਲ ਫਰਕ ਵੀ ਕੀ ਪੈਣਾ ਏ
ਫਰਕ ਤਾਂ ਹੈ !

ਲੋੜ ਵਾਲ਼ੇ ਨੂੰ ਚੀਜ਼ ਮਿਲਦੀ ਨਹੀ
ਤੇ ਜੀਹਨੂੰ ਲੋੜ ਨਹੀਂ ਉਹਨੂੰ ਕਦਰ ਨਹੀ
ਇਹ ਕੈਸਾ ਇਨਸਾਫ
ਬੱਸ ਬਾਬਾ ਏਦਾਂ ਹੀ ਤੋਲਦਾ
ਕਿਸੇ ਦੇ ਚਾਵਾਂ ਨੂੰ
ਮਜਬੂਰੀਆਂ ਨੂੰ
ਲਾਚਾਰੀਆਂ ਨੂੰ
ਕਿਸੇ ਦੀਆਂ ਬੇਕਦਰੀਆਂ ਨਾਲ
ਇੱਕ ਜਿੰਦਾ ਹੋਣ ਦਾ ਅਹਿਸਾਸ
ਜਿਉਣ ਲਈ ਮਜਬੂਰ ਕਰਦਾ ਹੈ
ਉਂਞ ਇਸ ਤੋਂ ਇਲਾਵਾ
ਜ਼ਿੰਦਗੀ ਹੈ ਕੁੱਝ ਨਹੀ
ਪਰ ਇਹੀ ਮੇਰੀ ਜ਼ਿੰਦਗੀ ਹੈ
ਇਹੀ ਮੇਰੀ ਬੰਦਗੀ ਹੈ

# ਪਿਉ ਪੁੱਤਰ

ਇੱਕ ਬਿਰਖ ਦੀ ਛਾਂ ਉਧਾਰੀ
ਸਿਰ ਮੇਰੇ ਤੇ ਕਰਜ ਹੈ ਭਾਰੀ
ਖਰਾ ਜਾਂ ਖੋਟਾ ਉਤਰਾਂਗਾ
ਆਉਣੀ ਕੱਲ੍ਹ ਜਦ ਮੇਰੀ ਵਾਰੀ
ਔਖੇ ਸੌਖੇ ਸਮਿਆਂ ਵਿੱਚ ਵੀ
ਸਾਨੂੰ ਤਾਂ ਬੱਸ ਸੌਖ ਰਹੀ ਸੀ
ਫਿਕਰ ਤੋਂ ਕੋਹਾਂ ਦੂਰ ਰਹੇ ਸੀ
ਭਰਦੇ ਸੀ ਨਿੱਤ ਨਵੀਂ ਉਡਾਰੀ
ਕੀ ਹੁੰਦੀ ਸੀ ਤੋੜ ਪਤਾ ਨਹੀ
ਯਾਰੀ ਤੋਂ ਵੱਧ ਲੋੜ ਪਤਾ ਨਹੀਂ
ਪਿਉ ਦਾਦੇ ਦੀ ਪੂੰਜੀ ਉੱਤੇ
ਕੀਤੇ ਖਰਚੇ ਧੂੰਆਂਧਾਰੀ
ਬਾਪ ਮੇਰੇ ਨੇ ਸਿਰ ਮੇਰੇ ਤੇ
ਉਮਰ ਸਾਰੀ ਪਰਛਾਵੇਂ ਕੀਤੇ
ਜਰਿਆ ਮੇਰਾ ਹਰ ਦੁੱਖ ਹਰਿਆ
ਪੱਕੀ ਮੇਰੀ ਨੀਂਹ ਉਸਾਰੀ
ਸਫਰ ਵਕਤ ਦਾ ਬੜਾ ਨਿਰਾਲਾ
ਚੱਕਰ ਪਾਕੇ ਫਿਰ ਮਿਲ ਜਾਦਾਂ
ਮੇਰੇ ਜਾਏ ਤੇ ਮੈਨੂੰ ਜਾਇਆ
ਦੀ ਮੇਰੇ ਸਿਰ ਜਿੰਮੇਵਾਰੀ
ਪੋਲੇ ਪੋਲੇ ਹੱਥਾਂ ਦੀ ਜਦ
ਇਹ ਅੱਟਣਾ ਨੂੰ ਛੋਹ ਮਿਲਦੀ ਹੈ
ਐਸੀ ਚੜੇ ਖੁਮਾਰੀ ਦਿਲ ਨੂੰ
ਭੁੱਲ ਜਾਈਏ ਸਭ ਦੁਨੀਆਂਦਾਰੀ
ਫਰਜ ਨਿਭਾਉਣਾ ਮਰਦੇ ਦਮ ਤੱਕ
ਮਾਇਨਾਂ ਜ਼ਿੰਦਗੀ ਦਾ ਬਣ ਜਾਂਦਾ
ਸਭ ਨੂੰ ਮਿਲੇ ਬਰਾਬਰ ਮੌਕਾ
ਪਰਖੇ ਜਾਂਦੇ ਵਾਰੋ ਵਾਰੀ
ਗੱਲਾਂ ਭਾਵੇ ਲੱਖਾਂ ਨੇ ਉਂਝ
ਇਹ ਰਿਸ਼ਤਾ ਪਰ ਹੱਜ ਬਰਾਬਰ
ਪਿਉ ਪੁੱਤਰ ਦੇ ਵਰਗੀ ਪੱਕੀ
ਨਾਂ "ਭੰਗੂ" ਕੋਈ ਰਿਸ਼ਤੇਦਾਰੀ

## ਮੈਂ ਤੇ ਮੈਂ

ਮੈਂ ਬਿਰਖ ਤੇ ਉੱਗਿਆ ਪੱਤਾ ਹਾਂ
ਛਾਂ ਦੇ ਕੇ ਸੁੱਕ ਕੇ ਝੜ ਜਾਊਂਗਾ
ਮੈਂ ਮਰਿਆ ਫਿਰ ਵੀ ਮਰਨਾ ਨਹੀ
ਅੱਗ ਵਿੱਚ ਕਿਸੇ ਲਈ ਸੜ ਜਾਊਂਗਾ
ਲੱਖ ਔਕੜ ਹੈ ਉਂਝ ਰਾਹਾਂ ਵਿੱਚ
ਇਹ ਸੋਚ ਨਾ ਲੈਣਾ ਖੜ ਜਾਊਂਗਾ
ਮੈਂ ਕੱਲਾ ਹੀ ਲੱਖ ਬਰਾਬਰ ਹਾਂ
ਕੋਈ ਭੀੜ ਪਈ ਤਾਂ ਅੜ ਜਾਊਂਗਾ
ਮੈਂ ਤੇਰਾ ਹਾਂ ਹਰ ਦੋਸ਼ ਤੇਰੇ ਲਈ
ਆਪਣੇ ਸਿਰ ਤੇ ਮੜ੍ਹ ਜਾਊਂਗਾ
ਤੂੰ ਕੱਲਾ ਨਹੀ ਮੈਂ ਨਾਲ ਹਾਂ ਤੇਰੇ
ਇਸ ਦੁਨੀਆਂ ਨਾਲ ਲੜ ਜਾਊਂਗਾ
ਕਮਜੋਰ ਨਹੀ ਜੋ ਕੱਚਿਆ ਵਾਗੂੰ
ਵਿੱਚ ਝਨਾ ਦੇ ਹੜ ਜਾਊਂਗਾ
ਮੈਂ 'ਭੰਗੂ' ਐਸੇ ਬੂਟੇ ਦੀ
ਨਾਂ ਪੁੱਟ ਹੋਣੀ ਲਾ ਜੜ੍ਹ ਜਾਊਂਗਾ

## ਸੁਪਨੇ

ਰੁਕ ਗਏ,
ਝੁਕ ਗਏ,
ਆਹ ਪਏ,
ਰਾਹ ਪਏ,
ਸੁਪਨੇ ਮੇਰੇ ਨੇ
ਖਿੰਡੇ ਥਾਂ ਥਾਂ ਪਏ,
ਜੋੜ ਲਵੀਂ,
ਤੋੜ ਲਵੀਂ,
ਘੁੱਟ ਕੇ ਨਿਚੋੜ ਲਵੀਂ,
ਮੁੱਕਣੇ ਕਦੇ ਨਾ ਇਹੇ
ਰੁਕਣੇ ਕਦੇ ਨਾ ਇਹੇ
ਪੂਰੇ ਵੀ ਨਹੀਂ ਹੋਣੇ,
ਪਰ!
ਸੁਪਨੇ ਤਾਂ ਸੁਪਨੇ ਨੇ
ਨਾਂ ਦੇਖੇ ਰੁਕ ਜਾਊਂ,
ਸੋਚੀ ਜਾਉ
ਉੱਡੀ ਜਾਉ,
ਸੋਚ ਕੇ ਉਡਾਈ ਜਾਉ,
ਸੁਪਨੇ ਸਜਾਈ ਜਾਉ
ਮਹਿਲ ਬਣਾਈ ਜਾਉ,
ਟੁੱਟਣਗੇ,
ਟੁੱਟੀ ਜਾਣ,
ਮੁੜਕੇ ਬਣਾਈ ਜਾਉ,
ਸੁਪਨੇ ਉਮੀਦਾਂ ਵਾਲੇ
ਮੁੜਕੇ ਸਜਾਈ ਜਾਉ।

# ਬੋਲੀਆਂ

**** ਆਰੀ- ਆਰੀ- ਆਰੀ
ਨੀ ਮਹਿੰਗੀ ਪੈਣੀ ਮਾਪਿਆਂ ਨੂੰ ਲਾਈ ਹਾਣ ਦੇ ਮੁੰਡੇ ਨਾਲ ਯਾਰੀ
ਨੀ ਪਿੰਡ ਵਿੱਚ ਗੱਲਾਂ ਹੁੰਦੀਆਂ ਚਾਰੇ ਭਾਈਆਂ ਦੀ ਰੁਲੀ ਸਰਦਾਰੀ
ਚੋਰੀ ਚੋਰੀ ਮਿਲੇ ਯਾਰ ਨੂੰ ਜੱਟੀ ਇਸ਼ਕ ਰੋਗ ਦੀ ਮਾਰੀ
ਨਾਂ ਜੱਟ ਨਾਲ ਘੱਟ ਗੁਜਰੀ ਪੈ ਗਈ ਸਿਰ ਤੇ ਦੁਸ਼ਮਣੀ ਭਾਰੀ
ਨੀ ਭਾਈਆਂ ਨਾਲ ਨਿੱਤ ਖੜਕੇ ਨਾਲੇ ਮਗਰ ਪੁਲਸ ਸਰਕਾਰੀ
ਇਹ ਚੰਦਰੀ ਦੁਨੀਆਂ ਨੂੰ ਲੱਗਦਾ ਇਸ਼ਕ ਬਿਮਾਰੀ
ਅੱਖੀਆਂ ਦੇ ਵਣਜ ਬੁਰੇ ਨਾਂ ਡੋਬੀ ਨਾਂ ਤਾਰੀ
ਨੀ ਅੱਖੀਆਂ ਦੇ ਵਣਜ ਬੁਰੇ ਨਾਂ ਡੋਬੀ ਨਾਂ ਤਾਰੀ
ਨੀ ਅੱਖੀਆਂ ਦੇ ਵਣਜ ਬੁਰੇ ਨਾਂ ਡੋਬੀ ਨਾਂ ਤਾਰੀ

****ਰੱਤੀਆਂ ਰੱਤੀਆਂ ਰੱਤੀਆਂ
ਨੀ ਦੇਖ ਕੇ ਹੈਰਾਨ ਹੋ ਗਏ ਲਾਲ ਬੁੱਲ੍ਹ ਨੇ ਗੁਲਾਬ ਦੀਆਂ ਪੱਤੀਆਂ
ਕਿ ਛੜੇ ਅੱਜ ਪੀਣੀ ਭੁੱਲ ਗਏ ਬਿੱਲੋ ਤੱਕ ਕੇ ਬਿਲੌਰੀ ਅੱਖੀਆਂ
ਨੀ ਚੋਰੀ ਚੋਰੀ ਘਰੋਂ ਨਿੱਕਲੀ ਜੱਟੀ ਲੈ ਕੇ ਹਾਣਦੀਆਂ ਸਖੀਆਂ
ਤੂੰ ਕਰਨਾ ਸ਼ਿੰਗਾਰ ਭੁੱਲ ਗਈ ਪਰ ਫੇਰ ਵੀ ਦੁਹਾਈਆਂ ਮੱਚੀਆਂ
ਨੀ ਤੇਰੇ ਗੋਰੇ ਰੰਗ ਕਰਕੇ ਸਾਰੇ ਪਿੰਡ ਨੇ ਬੁਝਾਈਆਂ ਬੱਤੀਆਂ
ਨੀ ਤੇਰੇ ਗੋਰੇ ਰੰਗ ਕਰਕੇ ਸਾਰੇ ਪਿੰਡ ਨੇ ਬੁਝਾਈਆਂ ਬੱਤੀਆਂ
ਨੀ ਤੇਰੇ ਗੋਰੇ ਰੰਗ ਕਰਕੇ ਸਾਰੇ ਪਿੰਡ ਨੇ ਬੁਝਾਈਆਂ ਬੱਤੀਆਂ

****ਰੜਕੇ ਰੜਕੇ ਰੜਕੇ
ਬਈ ਗ਼ਲੀ ਵਿੱਚੋਂ ਰੋਜ਼ ਲੰਘਦੀ ਜਦ ਲੰਘਦੀ ਕਾਲ਼ਜਾ ਧੜਕੇ
ਨੀ ਮੁੰਡਿਆਂ ਬਣਾਈਆਂ ਢਾਣੀਆਂ ਮਰ ਜਾਣ ਨਾਂ ਕਿਸੇ ਦਿਨ ਲੜਕੇ
ਨੀ ਮੁੰਡਾ ਦੇਖ ਲੰਬੜਾਂ ਦਾ ਤੈਨੂੰ ਤੱਕਦਾ ਚੁਬਾਰੇ ਚੜ੍ਹਕੇ
ਨੀ ਤੈਨੂੰ ਇੱਕ ਗੱਲ ਪੁੱਛਣੀ ਤੇਰੇ ਗੋਰਿਆਂ ਹੱਥਾਂ ਨੂੰ ਫੜਕੇ
ਨੀ ਆਸ਼ਕੀ ਚੋਂ ਫੇਲ੍ਹ ਕਰ ਗਈ ਕੀ ਖੱਟਿਆ ਪੜ੍ਹਾਈਆਂ ਕਰਕੇ
ਨੀ ਆਸ਼ਕੀ ਚੋਂ ਫੇਲ੍ਹ ਕਰ ਗਈ ਕੀ ਖੱਟਿਆ ਪੜ੍ਹਾਈਆਂ ਕਰਕੇ
ਨੀ ਆਸ਼ਕੀ ਚੋਂ ਫੇਲ੍ਹ ਕਰ ਗਈ ਕੀ ਖੱਟਿਆ ਪੜ੍ਹਾਈਆਂ ਕਰਕੇ

****ਪਿੰਡ ਮੇਰੇ ਦੇ ਦੋ ਦਰਵਾਜ਼ੇ ਪਿੰਡ ‘ਚ ਵੜ ਗਏ ਚੋਰ
ਜੱਟੀ ਬੈਠੀ ਯਾਰ ਸਿਰਹਾਣੇ ਪਿੰਡ ‘ਚ ਮੱਚਿਆ ਸ਼ੋਰ
ਉਹ ਕਹਿੰਦੀ ਜੱਟਾ ਕੀ ਲੈਣਾ ਕੋਈ ਗੱਲ ਇਸ਼ਕ ਦੀ ਤੋਰ
ਲੈ ਕੇ ਉੱਡ ਚੱਲ ਵੇ ਬਣ ਕੇ ਕਲਿਹਰੀ ਮੋਰ
ਲੈ ਕੇ ਉੱਡ ਚੱਲ ਵੇ ਬਣ ਕੇ ਕਲਿਹਰੀ ਮੋਰ
ਲੈ ਕੇ ਉੱਡ ਚੱਲ ਵੇ ਬਣ ਕੇ ਕਲਿਹਰੀ ਮੋਰ

****ਕੜ ਕੜ ਕਰਦੀ ਵਿੱਚ ਅਸਮਾਨਾਂ ਬਿਜਲੀ ਡਿੱਗੀ ਥਾਣੇ
ਥਾਣੇਦਾਰ ਨੂੰ ਭਾਜੜ ਪੈ ਗਈ ਪੈ ਗਏ ਸਾਹਬ ਬੁਲਾਣੇ
ਕਈ ਦਿਨ ਪੁੱਛ ਪੜਤਾਲ਼ ਹੋ ਗਈ ਗੱਲ ਨਾਂ ਪਈ ਟਿਕਾਣੇ
ਲੱਗਦੇ ਹੱਥ ਇੱਕ ਸਾਧ ਬੁਲਾ ਲਿਆ ਤੰਤਰ ਮੰਤਰ ਜਾਣੇ
ਹੱਥ ਖੜ੍ਹੇ ਜਦ ਕਰ ਗਿਆ ਬਾਬਾ ਨਾਂ ਰਿੱਧੀਆਂ ਰੋਗ ਪਛਾਣੇ
ਫੇਰ ਚਹੁੰ ਜਣਿਆਂ ਦੀ ਬਣੀ ਕਮੇਟੀ ਲੱਭੇ ਬੜੇ ਸਿਆਣੇ
ਨਾਂ ਕੋਈ ਦੋਸ਼ ਥਿਆਇਆ ਤੇ ਨਾਂ ਮੁਜਰਮ ਗਏ ਪਛਾਣੇ
ਏਸੇ ਗੱਲੋਂ ਵਤਨ ਮੇਰੇ ਦੀ ਚਰਚਾ ਹਰ ਕੋਈ ਜਾਣੇ
ਹੁਣ ‘ਭੰਗੂ’ ਕੁੱਝ ਹੱਥ ਨਹੀਂ ਆਉਣਾ ਖਾਲੀ ਜੇਬਾਂ ਛਾਣੇ
ਸੱਤ ਕਰਤਾਰ ਦੀਆਂ ਬਈ ਆਪੇ ਬਾਬਾ ਜਾਣੇ
ਸੱਤ ਕਰਤਾਰ ਦੀਆਂ ਬਈ ਆਪੇ ਬਾਬਾ ਜਾਣੇ
ਸੱਤ ਕਰਤਾਰ ਦੀਆਂ ਬਈ ਆਪੇ ਬਾਬਾ ਜਾਣੇ

****ਸ਼ਰਮ ਨਜ਼ਾਕਤ ਹੁੰਦਾ ਯਾਰੋ ਹਰ ਸੋਹਣੀ ਦਾ ਗਹਿਣਾ
ਬਈ ਕੱਚੇ ਅੰਗਾਂ ਦੀ ਮਸਤੀ ਦਾ ਨਸ਼ਾ ਸਦਾ ਨਹੀਂ ਰਹਿਣਾ
ਕਈਆਂ ਰੱਖੀ ਸਾਂਭ ਜਵਾਨੀ ਕਈ ਗਾਲ਼ੀ ਭੰਗ ਦੇ ਭਾਂਣੇ
ਦਾਗ਼ ਪਿਛਲੀਆਂ ਯਾਦਾਂ ਦੇ ਨਾਂ ਦਾਮਨ ਵਿੱਚੋਂ ਜਾਣੇ
ਹੋਏ ਬੜੇ ਖੁਆਰ ਉਹ ਨਾਂ ਰਾਹ ਇਸ਼ਕ ਦੇ ਜਾਇਉ
ਇਸ਼ਕ ਅਕਲ ਦਾ ਵੈਰੀ ਮਿੱਤਰੋ ਸੋਚ ਸਮਝ ਕੇ ਲਾਇਉ
ਉਮਰਾਂ ਦਾ ਹੈ ਗਹਿਣਾ ਯਾਰ ਜਵਾਨੀ ਨਹੀਂ ਥਿਆਉਣੀ
ਵਿੱਛੜੇ ਲਾਲਾਂ ਦੀ ਬਾਬਾ ਸੂਹ ਨਹੀਂ ਆਉਣੀ
ਵਿੱਛੜੇ ਲਾਲਾਂ ਦੀ ਬਾਬਾ ਸੂਹ ਨਹੀਂ ਆਉਣੀ
ਵਿੱਛੜੇ ਲਾਲਾਂ ਦੀ ਬਾਬਾ ਸੂਹ ਨਹੀਂ ਆਉਣੀ

****ਜਾਂ ਤਾਂ ਗੱਭਰੂ ਪੱਟੇ ਹੋਏ ਨੇ ਸਰਦਾਰੀ ਦੇ
ਜਾਂ ਫਿਰ ਪੱਟੇ ਹੋਏ ਨੇ ਸੁਰਮੇ ਦੀ ਧਾਰੀ ਦੇ
ਕਈਆਂ ਨਾਂ ਤੇਰਾ ਕੂੰਜ ਰੱਖ ਲਿਆ ਕਈ ਕਹਿੰਦੇ ਨੇ ਰਾਣੀ
ਗੱਭਰੂ ਫੁੱਲ ਵਰਗੇ ਤੇਰਾ ਭਰਦੇ ਜੈ ਕੁਰੇ ਪਾਣੀ
ਗੱਭਰੂ ਫੁੱਲ ਵਰਗੇ ਤੇਰਾ ਭਰਦੇ ਜੈ ਕੁਰੇ ਪਾਣੀ
ਗੱਭਰੂ ਫੁੱਲ ਵਰਗੇ ਤੇਰਾ ਭਰਦੇ ਜੈ ਕੁਰੇ ਪਾਣੀ

****ਕੱਠੀਆਂ ਹੋ ਜਦ ਚੜਨ ਚੁਬਾਰੇ ਅੱਗ ਕਾਲ਼ਜੇ ਲੱਗੇ
ਇੱਕ ਦੂਜੀ ਤੋਂ ਵਧ ਕੇ ਸੋਹਣੀ ਹੀਰ ਸਲੇਟੀ ਲੱਗੇ
ਵਾਂਝੇ ਹੋ ਗਏ ਅਕਲਾਂ ਤੋਂ ਤੱਕ ਨਿਰੇ ਨਸ਼ੇ ਦੀਆਂ ਪੁੜੀਆਂ ਨੂੰ
ਕੀਹਨਾਂ ਨਾਲ਼ ਵਿਆਹੁਨਾਂ ਰੱਬਾ ਸੋਹਣੀਆਂ ਕੁੜੀਆਂ ਨੂੰ
ਕੀਹਨਾਂ ਨਾਲ਼ ਵਿਆਹੁਨਾਂ ਰੱਬਾ ਸੋਹਣੀਆਂ ਕੁੜੀਆਂ ਨੂੰ
ਕੀਹਨਾਂ ਨਾਲ਼ ਵਿਆਹੁਨਾਂ ਰੱਬਾ ਸੋਹਣੀਆਂ ਕੁੜੀਆਂ ਨੂੰ

## ਕੁੱਝ ਮੇਰੇ ਬਾਰੇ

ਭੰਗੂ ਮੇਰੇ ਕੁਲ ਦੀ ਨਿਸ਼ਾਨੀ ਮੇਰੇ ਪੁਰਖਾਂ ਦਾ ਸਰਮਾਇਆ
ਅਮਨ ਨਾਮ ਮੇਰੀ ਮਾਂ ਨੇ ਰੱਖਿਆ ਜਿਸ ਲਾਡਾਂ ਨਾਲ਼ ਖਿਡਾਇਆ
ਪ੍ਰੀਤ ਦਾ ਮਤਲਬ ਪਿਆਰ ਦੋਸਤੋ ਮੈਂ ਰੱਜ ਕੇ ਪਿਆਰ ਹੰਢਾਇਆ
ਮਾਂ ਬਾਪ ਤੇ ਰਿਸ਼ਤੇਦਾਰਾਂ ਰਲ਼ ਮਿੱਤਰਾਂ ਹਿੱਸਾ ਪਾਇਆ
ਸਿੰਘ ਗੁਰੂ ਗੋਬਿੰਦ ਦੀ ਕ੍ਰਿਪਾ ਮੈਂ ਤਾਂਹੀਂ ਸ਼ੇਰ ਕਹਾਇਆ
ਹੈ ਉਸ ਮਾਲਿਕ ਦੀ ਕ੍ਰਿਪਾ ਜੋ ਲੜ ਆਪਣੇ ਲਾਇਆ
ਨਾਂ ਮੈਂ ਕਿਸੇ ਨੂੰ ਦੇ ਸਕਦਾ ਕੁੱਝ ਨਾਂ ਮੈਂ ਏਨੇ ਜੋਗਾ
ਮੇਰੀ ਇੱਜ਼ਤ ਸਿਰ ਮੇਰੇ ਮੈਨੂੰ ਪੱਗ ਨੇ ਮਾਣ ਦਿਵਾਇਆ
ਲੈ ਕੇ ਕੀ ਤੁਰ ਜਾਊ ਕੋਈ ਬੱਸ ਪਿਆਰ ਨੇ ਰਹਿਣਾ ਰਾਜ਼ੀ
ਜੋ ਕੁੱਝ ਹਾਂ ਇਸ ਪਿਆਰ ਦੇ ਬਦਲੇ ਅੱਜ ਇਹ ਰੁਤਬਾ ਪਾਇਆ